

# ਮਹਿਕ-ਏ-ਵਤਨ

# Mehak E wattan

Fortnightly Newspaper



Hardev Brar
Chief Editor

• Vol-III • Issue- 02 • Phone : +64,274-427-338 +64 9 3900004 • www.mehakewattan.com • February 2025



03 ਟਰੰਪ ਦੀ ਟੈਰਿਫ ਧਮਕੀ ਦਾ ਰੂਬੀ ਢੱਲਾ ਨੇ ਦਿੱਤਾ ਜਵਾਬ



07 ਸਾਬਕਾ ਅਮਰੀਕੀ ਸੈਨੇਟਰ ਨੂੰ 11 ਸਾਲ ਦੀ ਕੈਦ ਦੀ ਸਜ਼ਾ



12 ਮਹਾਕੁੰਭ ਪਹੁੰਚੇ ਰੈਸਲਰ 'ਦਿ ਗ੍ਰੇਟ ਖਲੀ', ਲਗਾਈ ਆਸਥਾ ਦੀ ਡੁੱਬਕੀ



15 ਨਾਸਾ ਦੇ ਫਸੇ 2 ਪੁਲਾੜ ਯਾਤਰੀਆਂ ਨੇ ਕੀਤੀ ਆਪਣੀ ਪਹਿਲੀ ਸਪੇਸਵਾਕ




# ਭਾਰਤ ਦੀ ਧੀ ਨੇ ਆਸਟ੍ਰੇਲੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਲਹਿਰਾਇਆ ਤਿਰੰਗਾ



ਸਿਡਨੀ- ਭਾਰਤ ਦਾ ਕੌਮੀ ਤਿਉਹਾਰ ਗਣਤੰਤਰ ਦਿਵਸ ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਧੂਮਧਾਮ ਨਾਲ ਮਨਾਇਆ ਗਿਆ। ਇਸ ਕੌਮੀ ਤਿਉਹਾਰ ਨੂੰ ਹਰਿਆਣਾ ਦੀ ਧੀ ਸ਼ਿਵਾਂਗੀ ਪਾਠਕ ਨੇ ਹੋਰ ਵੀ ਖਾਸ ਬਣਾ ਦਿੱਤਾ। ਸ਼ਿਵਾਂਗੀ ਨੇ ਆਸਟ੍ਰੇਲੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕੋਸੀਅਸਕੋ 'ਤੇ ਤਿਰੰਗਾ ਲਹਿਰਾ ਕੇ ਪੂਰੇ ਦੇਸ਼ ਦਾ ਮਾਣ ਵਧਾਇਆ।

ਮਾਊਂਟ ਕੋਸੀਅਸਕੋ ਆਸਟ੍ਰੇਲੀਆ ਦੀ ਸਭ ਤੋਂ ਉੱਚੀ ਚੋਟੀ ਹੈ, ਜਿਸਦੀ ਉਚਾਈ 2,228 ਮੀਟਰ (7,310 ਫੁੱਟ) ਹੈ। ਇਹ ਨਿਊ ਸਾਊਥ ਵੇਲਜ਼ ਰਾਜ ਵਿੱਚ ਸਥਿਤ ਹੈ ਅਤੇ ਆਸਟ੍ਰੇਲੀਆਈ ਐਲਪਸ ਅਤੇ ਕੋਸੀਅਸਕੋ ਨੈਸ਼ਨਲ ਪਾਰਕ ਦਾ ਹਿੱਸਾ ਹੈ। ਇਹ ਚੋਟੀ ਆਸਟ੍ਰੇਲੀਆ ਦੇ ਸੱਤ ਮਹਾਂਦੀਪਾਂ ਦੀਆਂ ਸਭ ਤੋਂ ਉੱਚੀਆਂ ਚੋਟੀਆਂ ਵਿੱਚੋਂ ਇੱਕ ਹੈ, ਜਿਸਨੂੰ 'ਸੱਤ ਸਿਖਰ ਸੰਮੇਲਨ' ਦੀ ਸੂਚੀ ਵਿੱਚ ਗਿਣਿਆ ਜਾਂਦਾ ਹੈ। ਬੀਤੇ ਦਿਨ ਸ਼ਿਵਾਂਗੀ ਪਾਠਕ ਨੇ ਆਪਣੇ ਇੰਸਟਾਗ੍ਰਾਮ ਪੇਜ 'ਤੇ ਮਾਊਂਟ ਕੋਸੀਅਸਕੋ 'ਤੇ ਤਿਰੰਗਾ ਲਹਿਰਾਉਣ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਨਾਲ ਹੀ ਉਸਨੇ ਇੱਕ ਪੋਸਟ ਲਿਖੀ ਅਤੇ ਆਪਣੀ ਪ੍ਰਾਪਤੀ ਦੀ ਮਹੱਤਤਾ ਅਤੇ ਇਸਦੇ ਪਿੱਛੇ ਦੀ ਸਖ਼ਤ ਮਿਹਨਤ ਬਾਰੇ ਦੱਸਿਆ। ਉਸਦੀ ਪੋਸਟ ਨੇ ਉਸਦੇ ਪ੍ਰਸ਼ੰਸਕਾਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੇ ਉਸਦੀ ਪ੍ਰਸ਼ੰਸਾ ਕਰਨੀ ਸ਼ੁਰੂ ਕਰ ਦਿੱਤੀ।

ਇੱਥੇ ਦੱਸ ਦਈਏ ਕਿ ਸ਼ਿਵਾਂਗੀ ਹੁਣ ਤੱਕ ਸੱਤ ਮਹਾਂਦੀਪਾਂ ਵਿੱਚੋਂ ਚਾਰ ਦੀਆਂ ਸਭ ਤੋਂ ਉੱਚੀਆਂ ਚੋਟੀਆਂ ਨੂੰ ਫਤਹਿ ਕਰ ਚੁੱਕੀ ਹੈ। ਉਸਦਾ ਅਗਲਾ ਟੀਚਾ ਇੰਡੋਨੇਸ਼ੀਆ ਦੀ ਸਭ ਤੋਂ ਉੱਚੀ ਚੋਟੀ ਕਾਰਸਟੇਨਜ਼ ਪਿਰਾਮਿਡ 'ਤੇ ਤਿਰੰਗਾ ਲਹਿਰਾਉਣਾ ਹੈ। ਸ਼ਿਵਾਂਗੀ ਪਾਠਕ ਨੂੰ ਸਭ ਤੋਂ ਵੱਧ ਪਛਾਣ ਉਦੋਂ ਮਿਲੀ ਜਦੋਂ ਉਸਨੇ 16 ਸਾਲ ਦੀ ਉਮਰ ਵਿੱਚ ਮਾਊਂਟ ਐਵਰੈਸਟ 'ਤੇ ਤਿਰੰਗਾ ਲਹਿਰਾਇਆ। ਇਸ ਪ੍ਰਾਪਤੀ ਲਈ ਉਸਨੂੰ ਪ੍ਰਧਾਨ ਮੰਤਰੀ ਬਾਲ ਸ਼ਕਤੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਸ਼ਿਵਾਂਗੀ ਆਪਣੀ ਸਫਲਤਾ ਦਾ ਸਿਹਰਾ ਆਪਣੇ ਅਧਿਆਪਕਾਂ, ਪਰਿਵਾਰ ਅਤੇ ਸਾਰੇ ਸ਼ੁਭਚਿੰਤਕਾਂ ਨੂੰ ਦਿੰਦੀ ਹੈ। ਉਹ ਵੈਦਿਕ ਗਲੋਬਲ ਅਤੇ ਆਸਟ੍ਰੇਲੀਆ ਦੀ ਬ੍ਰਾਹਮਣ ਸਭਾ ਦਾ ਵੀ ਧੰਨਵਾਦ ਕਰਦੀ ਹੈ।

# ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਵਿਰੁੱਧ ਜਾਂਚ ਦੇ ਹੁਕਮ

ਰੋਮ- ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਵਿਰੁੱਧ ਨਿਆਂਇਕ ਜਾਂਚ ਸ਼ੁਰੂ ਕੀਤੀ ਗਈ ਹੈ। ਮੇਲੋਨੀ 'ਤੇ ਦੋਸ਼ ਹੈ ਕਿ ਉਸਨੇ ਲੀਬੀਆ ਦੇ ਇੱਕ ਪੁਲਸ ਅਧਿਕਾਰੀ ਨੂੰ ਰਿਹਾਅ ਕਰ ਦਿੱਤਾ ਹੈ ਜਿਸ ਨੂੰ ਆਈ.ਸੀ.ਸੀ ਦੇ ਗ੍ਰਿਫ਼ਤਾਰੀ ਵਾਰੰਟ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਲਾਂਕਿ ਉਹ ਅਸਤੀਫਾ ਦੇਣ ਲਈ ਮਜਬੂਰ ਨਹੀਂ ਹੈ ਅਤੇ ਇਟਲੀ ਵਿੱਚ ਜਾਂਚ ਦਾ ਸਾਹਮਣਾ ਕਰਨਾ ਦੋਸ਼ੀ ਹੋਣ ਦਾ ਸਬੂਤ ਨਹੀਂ ਹੈ ਜਾਂ ਅਜਿਹਾ ਵੀ ਨਹੀਂ ਹੈ ਕਿ ਇਸ ਤੋਂ ਬਾਅਦ ਕੋਈ ਰਸਮੀ ਦੋਸ਼ ਨਹੀਂ ਲਗਾਏ ਜਾਣਗੇ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਓਸਾਮਾ ਅਲਮਸਰੀ ਨਜੀਮ ਨਾਮਕ ਇੱਕ ਲੀਬੀਆਈ ਪੁਲਸ ਅਧਿਕਾਰੀ, ਜਿਸ 'ਤੇ ਮਨੁੱਖਤਾ ਵਿਰੁੱਧ ਅਪਰਾਧ ਕਰਨ ਦਾ ਦੋਸ਼ ਹੈ, ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਸ ਮਾਮਲੇ ਵਿੱਚ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ (ਇਛਛ) ਨੇ ਉਸ ਖ਼ਿਲਾਫ਼ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ। ਇਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ, ਪਰ ਕੁਝ ਸਮੇਂ ਬਾਅਦ ਇਟਲੀ ਦੀ ਪ੍ਰਧਾਨ ਮੰਤਰੀ ਨੇ ਉਸਨੂੰ ਰਿਹਾਅ ਕਰ ਦਿੱਤਾ। ਹੁਣ ਆਈ.ਸੀ.ਸੀ ਨੇ ਇਸ ਮਾਮਲੇ ਸਬੰਧੀ ਇਟਲੀ ਦੇ ਪ੍ਰਧਾਨ ਮੰਤਰੀ ਮੇਲੋਨੀ ਤੋਂ ਸਪੱਸ਼ਟੀਕਰਨ ਮੰਗਿਆ ਹੈ। ਆਈ.ਸੀ.ਸੀ ਨੇ ਇਹ ਵੀ ਕਿਹਾ ਕਿ ਰਿਹਾਈ ਬਾਰੇ ਅਦਾਲਤ ਨਾਲ ਕੋਈ ਚਰਚਾ ਨਹੀਂ ਕੀਤੀ ਗਈ।



ਉੱਧਰ ਮੇਲੋਨੀ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਉਸਨੂੰ ਬਲੈਕਮੇਲ ਨਹੀਂ ਕੀਤਾ ਜਾ ਸਕਦਾ। ਮੇਲੋਨੀ ਨੇ ਆਪਣੇ ਫੇਸਬੁੱਕ ਪ੍ਰੋਫਾਈਲ 'ਤੇ ਇੱਕ ਵੀਡੀਓ ਪੋਸਟ ਕੀਤਾ ਅਤੇ ਲਿਖਿਆ, "ਮੈਨੂੰ ਬਲੈਕਮੇਲ ਨਹੀਂ ਕੀਤਾ ਜਾ ਸਕਦਾ। ਮੈਂ ਘਬਰਾਵਾਂਗੀ ਨਹੀਂ... ਇਸੇ ਲਈ ਮੈਂ ਕਹਿੰਦੀ ਹਾਂ ਕਿ ਮੈਨੂੰ ਉਹ ਲੋਕ ਪਸੰਦ ਨਹੀਂ ਕਰਦੇ ਜੋ ਇਟਲੀ ਨੂੰ ਬਦਲਣਾ ਅਤੇ ਬਿਹਤਰ ਹੁੰਦਾ ਨਹੀਂ ਦੇਖਣਾ ਚਾਹੁੰਦੇ।" ਨਾ ਸਿਰਫ਼ ਪ੍ਰਧਾਨ ਮੰਤਰੀ ਵਿਰੁੱਧ ਸਗੋਂ ਉਨ੍ਹਾਂ ਦੇ ਮੰਤਰੀ ਮੰਡਲ ਦੇ ਉੱਚ ਮੰਤਰੀਆਂ ਵਿਰੁੱਧ ਵੀ ਜਾਂਚ ਦੇ ਹੁਕਮ ਦਿੱਤੇ ਗਏ ਹਨ।

ਇਨ੍ਹਾਂ ਵਿਚ ਨਿਆਂ ਮੰਤਰੀ ਕਾਰਲੋ ਨੋਰਡੀਓ, ਗ੍ਰਹਿ ਮੰਤਰੀ ਮੈਟੀਓ ਪਿਆਨਟੇਡੋਸੀ ਅਤੇ ਖੁਫੀਆ ਵਿਭਾਗ ਦੇ ਕੈਬਨਿਟ ਅੰਡਰ ਸੈਕਟਰੀ ਅਲਫਰੇਡੋ ਮੰਟੋਵਾਨੋ ਦੇ ਨਾਂ ਸ਼ਾਮਲ ਹਨ।


Rubal Singh

Ray White



CHAIRMAN'S ELITE PERFORMER 20-21

No. 1
RAY WHITE MANUKAU
2020-2021

Rubal Singh
021 333 350
rubal.singh@raywhite.com

www.rubalsingh.co.nz

Ray White Manukau | AT Realty Limited Licensed (REAA 2008)


# ਨਾਸਾ ਫਸੇ ਹੋਏ ਪੁਲਾੜ ਯਾਤਰੀਆਂ ਨੂੰ ਜਲਦੀ ਤੋਂ ਜਲਦੀ ਲਿਆਵੇਗਾ ਵਾਪਸ

ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕਿਹਾ ਹੈ ਕਿ ਉਹ ਸਪੇਸਐਕਸ ਨਾਲ ਮਿਲ ਕੇ ਏਜੰਸੀ ਦੇ ਫਸੇ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਸ ਅਤੇ ਬੁੱਚ ਵਿਲਮੋਰ ਨੂੰ "ਜਿੰਨੀ ਜਲਦੀ ਸੰਭਵ ਹੋ ਸਕੇ" ਸੁਰੱਖਿਅਤ ਘਰ ਵਾਪਸ ਲਿਆਉਣ ਲਈ ਕੰਮ ਕਰ ਰਹੀ ਹੈ। ਨਾਸਾ ਨੇ ਐਕਸ 'ਤੇ ਕਿਹਾ,''ਨਾਸਾ ਅਤੇ ਸਪੇਸਐਕਸ ਏਜੰਸੀ ਦੇ ਸਪੇਸਐਕਸ ਕਰੂ-9 ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਸ ਅਤੇ ਬੁੱਚ ਵਿਲਮੋਰ ਨੂੰ ਜਲਦੀ ਤੋਂ ਜਲਦੀ ਸੁਰੱਖਿਅਤ ਵਾਪਸ ਲਿਆਉਣ ਲਈ ਕੰਮ ਕਰ ਰਹੇ ਹਨ, ਨਾਲ ਹੀ ਮਿਸ਼ਨਾਂ ਵਿਚਕਾਰ ਸੌਂਪਣ ਨੂੰ ਪੂਰਾ ਕਰਨ ਲਈ ਕਰੂ-10 ਦੇ ਲਾਂਚ ਲਈ ਵੀ ਤਿਆਰੀ ਕਰ ਰਹੇ ਹਨ।''

ਨਾਸਾ ਅਤੇ ਸਪੇਸਐਕਸ ਮਾਰਚ 2025 ਦੇ ਅੰਤ ਤੋਂ ਪਹਿਲਾਂ ਕਰੂ-10 ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) 'ਤੇ ਲਾਂਚ ਕਰਨ ਦਾ ਟੀਚਾ ਰੱਖ ਰਹੇ ਹਨ। ਨਾਸਾ ਦੇ ਪੁਲਾੜ ਯਾਤਰੀ ਨਿੱਕ ਹੇਗ, ਸੁਨੀਤਾ ਵਿਲੀਅਮਸ, ਬੁੱਚ ਵਿਲਮੋਰ ਅਤੇ ਰੋਸਕੋਸਮੌਸ ਪੁਲਾੜ



ਯਾਤਰੀ ਅਲੈਗਜ਼ੈਂਡਰ ਗੋਰਬੁਨੋਵ ਨਾਲ ਏਜੰਸੀ ਦਾ ਸਪੇਸਐਕਸ ਕਰੂ-9 ਮਿਸ਼ਨ ਔਰਬਿਟਲ ਲੈਬ ਵਿੱਚ ਕਰੂ-10 ਦੇ ਪਹੁੰਚਣ ਤੋਂ ਬਾਅਦ ਧਰਤੀ 'ਤੇ ਵਾਪਸ ਆ ਜਾਣਗੇ। ਵਿਲੀਅਮਸ ਅਤੇ ਵਿਲਮੋਰ ਪਿਛਲੇ ਸਾਲ ਜੂਨ ਤੋਂ ਪੁਲਾੜ ਵਿੱਚ ਫਸੇ ਹੋਏ ਹਨ ਕਿਉਂਕਿ ਬੋਇੰਗ ਦੇ ਸਟਾਰਲਾਈਨਰ ਵਿੱਚ ਤਕਨੀਕੀ ਸਮੱਸਿਆਵਾਂ ਸਨ ਜੋ ਉਨ੍ਹਾਂ ਨੂੰ ਆਈ.ਐਸ.ਐਸ ਤੱਕ ਲੈ ਗਈਆਂ ਸਨ। ਨਾਸਾ ਦੀ ਪਿਛਲੀ ਯੋਜਨਾ ਫਰਵਰੀ ਵਿੱਚ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਸੀ ਪਰ ਕਰੂ-10 ਦੇ ਨਵੇਂ ਲਾਂਚ ਸ਼ਡਿਊਲ ਦਾ ਮਤਲਬ ਹੈ ਕਿ ਦੋਵੇਂ ਪੁਲਾੜ ਯਾਤਰੀ ਘੱਟੋ-ਘੱਟ ਇੱਕ ਮਹੀਨਾ ਹੋਰ ਪੁਲਾੜ ਵਿੱਚ ਰਹਿਣਗੇ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# ਸ਼ੂਗਰ ਪੀੜਤ ਨਾਬਾਲਗਾ ਦੀ ਮੌਤ ਦੇ ਮਾਮਲੇ 'ਚ ਧਾਰਮਿਕ ਸਮੂਹ ਦੇ 14 ਮੈਂਬਰ ਦੋਸ਼ੀ ਕਰਾਰ



ਬ੍ਰਿਸਬੇਨ – ਆਸਟ੍ਰੇਲੀਆ ਦੇ ਕੁਈਨਜ਼ਲੈਂਡ ਵਿੱਚ ਇੱਕ 8 ਸਾਲ ਦੀ ਬੱਚੀ ਦੇ ਕਤਲ ਮਾਮਲੇ ਵਿੱਚ ਇੱਕ ਵੱਡਾ ਖੁਲਾਸਾ ਹੋਇਆ ਹੈ। ਜਿੱਥੇ ਤਿੰਨ ਸਾਲਾਂ ਬਾਅਦ ਇਹ ਪੁਸ਼ਟੀ ਹੋਈ ਹੈ ਕਿ ਸ਼ੂਗਰ ਪੀੜਤ ਕੁੜੀ ਐਲਿਜ਼ਾਬੈਥ ਰੋਜ਼ ਸਟ੍ਰੂਹਸ ਦੀ ਮੌਤ ਸ਼ੂਗਰ (ਟਾਈਪ-1) ਲਈ ਦੱਸੇ ਗਏ ਇਨਸੁਲਿਨ ਟੀਕੇ ਨਾ ਦੇਣ ਕਾਰਨ ਹੋਈ ਸੀ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਕੁੜੀ ਦੇ ਮਾਤਾ-ਪਿਤਾ ਅਤੇ ਭਰਾ ਦੇ ਨਾਲ-ਨਾਲ ਉਸਦੇ ਧਾਰਮਿਕ ਭਾਈਚਾਰੇ ਦੇ 12 ਹੋਰ ਮੈਂਬਰਾਂ ਨੂੰ ਕਤਲ ਦਾ ਦੋਸ਼ੀ ਪਾਇਆ ਗਿਆ ਹੈ।

**ਮਾਪਿਆਂ ਸਮੇਤ ਭਰਾ ਵੀ ਦੋਸ਼ੀ**

ਤੁਹਾਨੂੰ ਦੱਸ ਦੇਈਏ ਕਿ ਇਹ ਘਟਨਾ 7 ਜਨਵਰੀ 2022 ਦੀ ਹੈ, ਜਦੋਂ ਐਲਿਜ਼ਾਬੈਥ ਰੋਜ਼ ਸਟ੍ਰੂਹਸ ਦੀ ਮੌਤ ਸ਼ੂਗਰ (ਟਾਈਪ-1) ਲਈ ਨਿਰਧਾਰਤ ਇਨਸੁਲਿਨ ਟੀਕਾ 6 ਦਿਨ ਨਾ ਦੇਣ ਕਾਰਨ ਹੋ ਗਈ ਸੀ। ਇਸ ਮਾਮਲੇ ਵਿੱਚ ਕੁੜੀ ਦੇ ਪਿਤਾ ਜੇਸਨ ਰਿਚਰਡ ਸਟ੍ਰੂਹਸ ਅਤੇ ਕਮਿਊਨਿਟੀ ਲੀਡਰ ਬ੍ਰੈਂਡਨ ਲੂਕ ਸਟੀਵਨਸ ਦੋਵਾਂ ਨੂੰ ਕਤਲ ਦਾ ਦੋਸ਼ੀ ਪਾਇਆ ਗਿਆ। ਇਸ ਤੋਂ ਇਲਾਵਾ 12 ਹੋਰ ਮੈਂਬਰਾਂ ਨੂੰ ਵੀ ਦੋਸ਼ੀ ਠਹਿਰਾਇਆ ਗਿਆ, ਜਿਨ੍ਹਾਂ ਵਿੱਚ ਕੁੜੀ ਦੀ ਮਾਂ ਕੈਰੀ ਐਲਿਜ਼ਾਬੈਥ ਸਟ੍ਰੂਹਸ (49) ਅਤੇ ਭਰਾ ਜ਼ੈਕਰੀ ਐਲਨ ਸਟ੍ਰੂਹਸ (22) ਸ਼ਾਮਲ ਸਨ। ਕੁਈਨਜ਼ਲੈਂਡ ਸੁਪਰੀਮ ਕੋਰਟ ਨੇ ਸਾਰੇ 14 ਦੋਸ਼ੀਆਂ ਨੂੰ ਕਤਲ ਦਾ ਦੋਸ਼ੀ ਪਾਇਆ ਹੈ।

ਕੁਈਨਜ਼ਲੈਂਡ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਫ਼ੈਸਲੇ ਅਨੁਸਾਰ ਦੋਸ਼ੀਆਂ ਨੂੰ 11 ਫਰਵਰੀ ਨੂੰ ਸਜ਼ਾ ਸੁਣਾਈ ਜਾਵੇਗੀ ਅਤੇ ਉਨ੍ਹਾਂ ਵਿੱਚੋਂ ਹਰੇਕ ਨੂੰ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਕੁੜੀ ਦੀ ਭੈਣ ਜੇਡ ਸਟ੍ਰੂਹਸ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਭਾਵੇਂ ਉਹ ਅਦਾਲਤ ਦੇ ਫ਼ੈਸਲੇ ਤੋਂ ਖੁਸ਼ ਸੀ ਪਰ ਉਸਨੂੰ ਲੱਗਿਆ ਕਿ ਸਿਸਟਮ ਪਹਿਲਾਂ ਐਲਿਜ਼ਾਬੈਥ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਿਹਾ ਹੈ।

ਇੱਥੇ ਦੱਸ ਦੀਈਏ ਕਿ ਕੁਈਨਜ਼ਲੈਂਡ ਸੁਪਰੀਮ ਕੋਰਟ ਦੇ ਜਸਟਿਸ ਮਾਰਟਿਨ ਬਰਨਜ਼ ਨੇ ਮਾਮਲੇ ਦੀ ਸੁਣਵਾਈ ਦੌਰਾਨ ਕਿਹਾ ਕਿ ਇਸਤਗਾਸਾ ਪੱਖ ਇਹ ਸਾਬਤ ਕਰਨ ਵਿੱਚ ਅਸਮਰੱਥ ਰਿਹਾ ਕਿ ਕੁੜੀ ਦੇ ਪਿਤਾ ਅਤੇ ਧਾਰਮਿਕ ਆਗੂ ਇਸ ਮਾਮਲੇ ਵਿੱਚ ਦੋਸ਼ੀ ਨਹੀਂ ਸਨ ਅਤੇ ਕੁੜੀ ਦੀ ਜਾਨ ਉਨ੍ਹਾਂ ਦੀ ਲਾਪਰਵਾਹੀ ਕਾਰਨ ਨਹੀਂ ਗਈ। ਹਾਲਾਂਕਿ ਜੱਜ ਨੇ ਇਹ ਵੀ ਸਵੀਕਾਰ ਕੀਤਾ ਕਿ ਕੁੜੀ ਦੇ ਮਾਪਿਆਂ ਨੇ ਦੂਜੇ ਮੁਲਜ਼ਮਾਂ ਨਾਲ ਮਿਲ ਕੇ ਬੱਚੀ ਦੀ ਦੇਖਭਾਲ ਵਿੱਚ ਆਮ ਨਾਲੋਂ ਬਹੁਤ ਵੱਖਰਾ ਵਿਵਹਾਰ ਕੀਤਾ ਸੀ। ਦੂਜੇ ਪਾਸੇ ਧਾਰਮਿਕ ਸਮੂਹ ਦੇ ਨੇਤਾ ਸਟੀਵਨਜ਼ ਨੇ ਦਲੀਲ ਦਿੱਤੀ ਕਿ ਸਿਰਫ਼ ਪਰਮਾਤਮਾ ਹੀ ਬੱਚੀ ਨੂੰ ਠੀਕ ਕਰ ਸਕਦਾ ਹੈ, ਕੋਈ ਦਵਾਈ ਜਾਂ ਇਲਾਜ ਨਹੀਂ।







HOGD
HOUSE OF GOLD & DIAMOND BY GLITTER JEWELLERS

HOUSE OF
GOLD & DIAMOND




24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।

ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।

7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz



GTB
Horticulture Ltd

*Our Commitment - Your Relief*



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

Pickup & Drop Off Available

Manpreet Singh Dhaliwal
021 147 1502

Manpreet Singh Batth
020 4057 2327

Email: gtb.horticulture@gmail.com


# ਟਰੰਪ ਦੀ ਟੈਰਿਫ ਧਮਕੀ ਦਾ ਰੂਬੀ ਢੱਲਾ ਨੇ ਦਿੱਤਾ ਜਵਾਬ

ਓਟਾਵਾ: ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਲੀਡਰਸ਼ਿਪ ਰੇਸ ਅਤੇ ਅਗਲਾ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਪੰਜਾਬੀ ਮੂਲ ਦੀ ਸਾਬਕਾ ਕੈਨੇਡੀਅਨ ਸੰਸਦ ਮੈਂਬਰ ਰੂਬੀ ਢੱਲਾ ਨੇ ਟੈਰਿਫ ਦੇ ਮੁੱਦੇ 'ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਰੂਬੀ ਢੱਲਾ ਨੇ ਬੁੱਧਵਾਰ ਨੂੰ ਯ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਉਹ ਇੱਕ ਕਾਰੋਬਾਰੀ ਔਰਤ ਹੈ ਅਤੇ ਦੇਸ਼ ਨੂੰ ਇੱਕ ਅਜਿਹੇ ਵਿਅਕਤੀ ਦੀ ਲੋੜ ਹੈ ਜਿਸਨੇ ਇੱਕ ਸਫਲ ਕਾਰੋਬਾਰ ਚਲਾਇਆ ਹੋਵੇ ਅਤੇ ਜੋ ਜਾਣਦਾ ਹੋਵੇ ਕਿ ਚੰਗੀ ਡੀਲ ਕਿਵੇਂ ਕੀਤੀ ਜਾਵੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਟਰੂਡੋ ਦੀ ਟੀਮ ਜਾਂ ਪੁਰਾਣੇ ਸਿਸਟਮ ਦੇ ਕਿਸੇ ਵੀ ਵਿਅਕਤੀ ਦੀ ਗੱਲ ਨਹੀਂ ਸੁਣਨਗੇ।



ਰੂਬੀ ਢੱਲਾ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਲਿਖਿਆ,"ਟੈਰਿਫ ਆਉਣ ਵਾਲੇ ਹਨ।" ਟਰੰਪ ਸੱਤਾ ਨੂੰ ਸਮਝਦੇ ਹਨ ਅਤੇ ਜਾਣਦੇ ਹਨ ਕਿ ਸੌਦਾ ਕਿਵੇਂ ਕਰਨਾ ਹੈ। ਕੋਲੰਬੀਆ ਨੂੰ ਹੀ ਦੇਖ ਲਓ। ਟਰੰਪ ਇੱਕ ਕਾਰੋਬਾਰੀ ਹੈ। ਮੈਂ ਵੀ ਇਕ ਬਿਜ਼ਨੈੱਸ ਵੂਮਨ ਹਾਂ। ਦੇਸ਼ ਨੂੰ ਕਿਸੇ ਅਜਿਹੇ ਵਿਅਕਤੀ ਦੀ ਲੋੜ ਹੈ ਜਿਸਨੇ ਇੱਕ ਸਫਲ ਕਾਰੋਬਾਰ ਚਲਾਇਆ ਹੋਵੇ ਅਤੇ ਜੋ ਜਾਣਦਾ ਹੋਵੇ ਕਿ ਕੈਨੇਡੀਅਨਾਂ ਅਤੇ ਸਾਡੇ ਦੇਸ਼ ਲਈ ਇੱਕ ਚੰਗਾ ਸੌਦਾ ਕਿਵੇਂ ਪ੍ਰਾਪਤ ਕਰਨਾ ਹੈ। ਟਰੰਪ ਟਰੂਡੋ ਦੀ ਟੀਮ ਜਾਂ ਪੁਰਾਣੀ ਸੰਸਥਾ ਦੇ ਕਿਸੇ ਵੀ ਵਿਅਕਤੀ ਦੀ ਗੱਲ ਨਹੀਂ ਸੁਣੇਗਾ। ਸਾਨੂੰ ਬਦਲਾਅ ਦੀ ਲੋੜ ਹੈ। ਅਸਲ ਬਦਲਾਅ।'' ਤੁਹਾਨੂੰ ਦੱਸ ਦੇਈਏ ਕਿ ਰੂਬੀ ਢੱਲਾ ਵੀ ਇੱਕ ਹੋਟਲ ਕਾਰੋਬਾਰੀ ਹੈ। ਉਹ ਕੈਨੇਡਾ ਵਿੱਚ ਤਿੰਨ ਵਾਰ ਸੰਸਦ ਮੈਂਬਰ ਚੁਣੀ ਗਈ ਹੈ। ਆਪਣੇ ਕਰੀਅਰ ਦੇ ਸ਼ੁਰੂਆਤੀ ਦਿਨਾਂ ਵਿੱਚ ਉਸਨੇ ਮਾਡਲਿੰਗ ਦੇ ਖੇਤਰ ਵਿੱਚ ਵੀ ਆਪਣੀ ਕਿਸਮਤ ਅਜ਼ਮਾਈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਕੈਨੇਡਾ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਆਪਣੀ ਸਰਹੱਦ ਰਾਹੀਂ ਅਮਰੀਕਾ ਵਿੱਚ ਨਸ਼ੀਲੇ ਪਦਾਰਥਾਂ ਦੀ ਘੁਸਪੈਠ ਅਤੇ ਤਸਕਰੀ ਦੀ ਇਜਾਜ਼ਤ ਨਾ ਦੇਵੇ, ਨਹੀਂ ਤਾਂ ਉਸਨੂੰ ਉੱਚ ਟੈਰਿਫ ਦੇ ਰੂਪ ਵਿੱਚ ਨਤੀਜੇ ਭੁਗਤਣੇ ਪੈਣਗੇ। ਟਰੰਪ ਦੀ ਟੈਰਿਫ ਸੰਬੰਧੀ ਚਿਤਾਵਨੀ ਦਾ ਕੈਨੇਡਾ ਤੋਂ ਵੀ ਜਵਾਬ ਦਿੱਤਾ ਗਿਆ। ਹੁਣ ਰੂਬੀ ਢੱਲਾ ਨੇ ਵੀ ਇਸ ਮੁੱਦੇ 'ਤੇ ਆਪਣੀ ਯੋਗਤਾ ਦਿਖਾ ਕੇ ਜਨਤਾ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਟਰੰਪ ਅਤੇ ਖੁਦ ਕਾਰੋਬਾਰੀ ਹੋਣ ਬਾਰੇ ਗੱਲ ਕਰਕੇ, ਉਸਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਉਹ ਸੱਤਾ ਵਿੱਚ ਆਉਂਦੀ ਹੈ ਤਾਂ ਟੈਰਿਫ ਦਾ ਮੁੱਦਾ ਵੀ ਹੱਲ ਹੋ ਜਾਵੇਗਾ।

# ਕੈਨੇਡੀਅਨ ਕਮਿਸ਼ਨ ਦੀ ਰਿਪੋਰਟ ਨੇ ਖੋਲ੍ਹੀ ਟਰੂਡੋ ਦੀ ਪੋਲ



ਓਟਾਵਾ - ਕੈਨੇਡੀਅਨ ਕਮਿਸ਼ਨ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਸਾਬਿਤ ਨਹੀਂ ਹੋਇਆ ਹੈ ਕਿ ਕੈਨੇਡੀਅਨ ਸਿੱਖ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਕਿਸੇ ਹੋਰ ਦੇਸ਼ ਨਾਲ ਕੋਈ ਠੋਸ ਸਬੰਧ ਹੈ। ਇਸ ਰਿਪੋਰਟ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਨ੍ਹਾਂ ਦੋਸ਼ਾਂ ਨੂੰ ਦਰਕਿਨਾਰ ਕਰ ਦਿੱਤਾ ਹੈ, ਜਿਨ੍ਹਾਂ 'ਚ ਉਨ੍ਹਾਂ ਨੇ ਨਿੱਝਰ ਦੇ ਕਤਲ 'ਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ।

ਦਰਅਸਲ ਸਤੰਬਰ 2023 'ਚ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਕੋਲ ਪੱਕੇ ਸਬੂਤ ਹਨ ਕਿ ਜੂਨ 2023 'ਚ ਬ੍ਰਿਟਿਸ਼ ਕੋਲੰਬੀਆ 'ਚ ਨਿੱਝਰ ਦੇ ਕਤਲ 'ਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ। 'ਫੈੱਡਰਲ ਚੋਣ ਪ੍ਰਕਿਰਿਆਵਾਂ ਤੇ ਜਮਹੂਰੀ ਸੰਸਥਾਵਾਂ ਵਿਚ ਵਿਦੇਸ਼ੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਰਿਪੋਰਟ ਮੰਗਲਵਾਰ ਨੂੰ ਜਾਰੀ ਕੀਤੀ ਗਈ।

ਰਿਪੋਰਟ 'ਚ ਕਮਿਸ਼ਨਰ ਮੈਰੀ-ਜੋਸੇ ਹਾਗ ਨੇ ਕਿਹਾ ਕਿ ਦੇਸ਼ ਦੇ ਹਿੱਤਾਂ ਦੇ ਉਲਟ ਫੈਸਲੇ ਲੈਣ ਵਾਲਿਆਂ ਨੂੰ ਸਜ਼ਾ ਦੇਣ ਲਈ ਗਲਤ ਜਾਣਕਾਰੀ ਦੀ ਵਰਤੋਂ ਬਦਲੇ ਦੀ ਰਣਨੀਤੀ ਵਜੋਂ ਕੀਤੀ ਜਾਂਦੀ ਹੈ।'

ਇਸ 123 ਪੰਨਿਆਂ ਦੀ ਰਿਪੋਰਟ ਵਿੱਚ 6 ਭਾਰਤੀ ਡਿਪਲੋਮੈਟਾਂ ਨੂੰ ਕੱਢਣ ਦਾ ਵੀ ਜ਼ਿਕਰ ਹੈ।

ਇਸ ਵਿੱਚ ਕਿਹਾ ਗਿਆ ਹੈ, "ਅਕਤੂਬਰ 2024 ਵਿੱਚ ਕੈਨੇਡਾ ਨੇ 6 ਭਾਰਤੀ ਡਿਪਲੋਮੈਟਾਂ ਅਤੇ ਕੌਂਸਲਰ ਅਧਿਕਾਰੀਆਂ ਨੂੰ ਕੱਢ ਦਿੱਤਾ ਸੀ...।" ਇਸ ਮਗਰੋਂ ਭਾਰਤ ਨੇ ਵੀ 6 ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਅਤੇ ਆਪਣੇ ਹਾਈ ਕਮਿਸ਼ਨਰ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ।

Fortnightly Newspaper

•Issue-02 • February 2025
www.mehakewattan.com

## Mehak-E-Wattan Team

Chief Editor:
**Hardev Singh Brar**
+64274427338
+64093900004
mehakewattan@gmail.com

Associate Editor:
**Jaswinder Kaur Brar**
+64212558338
brarnz@gmail.com

All Representatives :
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

Editor from India:
**Jatinder Panjtoori**
+91 9914109949
Jatindernz@hotmail.com

Designer & Reporter from Punjab, India:
Jaspreet Kaur, Barnala

Disclaimer
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

For sale inquiries:
mehakewattan@gmail.com

For additional inquires/comments:
mehakewattan@gmail.com

### ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

**ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਆਪਣੇ ਆਪ ਨੂੰ ਉਨ੍ਹਾਂ ਦੇ ਹੱਥੋਂ ਛੁਡਾ ਕੇ ਅਸਲ ਮਾਲਕ ਦੇ ਡੇਰੇ ਪਹੁੰਚ ਗਿਆ ਤੇ ਯਾਰ ਮੁਹੰਮਦ ਖ਼ਾਨ ਦੇ ਇਕ ਵਫ਼ਾਦਾਰ ਨੌਕਰ ਨੇ ਆਪਣੀ ਸਿਆਣਪ ਨਾਲ ਇਸ ਨੂੰ ਬਚਾ ਲਿਆ। ਨਹੀਂ ਤਾਂ ਸੰਸਾਰ ਦਾ ਇਹ ਅਦੁੱਤੀ ਸੁੰਦਰ ਅਤੇ ਬਹੁਮੁੱਲਾ ਘੋੜਾ ਪਰਖ-ਹੀਣਾਂ ਦੇ ਹੱਥ ਪੈ ਕੇ ਆਪਣੀ ਉੱਚੀ ਇਤਿਹਾਸਕ ਵਡਿਆਈ ਸਦਾ ਲਈ ਗਵਾ ਬਹਿੰਦਾ। ਇਹ ਹੈ ਲੈਲੀ ਦੀ ਪ੍ਰਾਪਤੀ ਦਾ ਇਤਿਹਾਸ।

ਲੈਲੀ ਮਹਾਰਾਜਾ ਸਾਹਿਬ ਦੇ ਕਬਜ਼ੇ ਵਿਚ ਆਉਣ ਦੇ ਉਪਰੰਤ ਇਸ ਨੇ ਉਹ ਪ੍ਰਸਿੱਧਤਾ ਪ੍ਰਾਪਤ ਕੀਤੀ ਕਿ ਜਦ ਕੋਈ ਵਿਦੇਸ਼ੀ ਯਾਤਰੂ ਪੰਜਾਬ ਵਿਚ ਮਹਾਰਾਜਾ ਸਾਹਿਬ ਦੇ ਦਰਬਾਰ ਵਿਚ ਆਂਵਦਾ ਤਾਂ ਉਸ ਸਮੇਂ ਤੱਕ ਉਸ ਦੀ ਯਾਤਰਾ ਅਧੂਰੀ ਸਮਝੀ ਜਾਂਦੀ ਸੀ ਜਦ ਤੱਕ ਕਿ ਉਹ ਸ਼ੇਰਿ ਪੰਜਾਬ ਦੇ ਇਸ ਇਤਿਹਾਸਕ ਘੋੜੇ ਨੂੰ ਦੇਖ ਕੇ ਇਸ ਬਾਰੇ ਆਪਣੇ ਸਫ਼ਰਨਾਮੇ ਵਿਚ ਕੁਝ ਨਾ ਸੀ ਲਿਖ ਲੈਂਦਾ।

## ਲੈਲੀ ਹੂਗਲ ਦੀ ਨਿਗਾਹ ਵਿਚ

ਬੈਰਲ ਹੂਗਲ ਆਸਟਰੀਆ (ਜਰਮਨੀ) ਦਾ ਜਗਤ ਪ੍ਰਸਿੱਧ ਯਾਤਰੂ ਜਦ 1836 ਵਿਚ ਲਾਹੌਰ ਆਇਆ ਤਾਂ ਉਹਨੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਵਿਸ਼ੇਸ਼ ਬਿਨੈ ਕੀਤੀ ਕਿ ਮੈਨੂੰ ਲੈਲੀ ਦੇ ਦਰਸ਼ਨ ਦਾ ਮਾਣ ਬਖ਼ਸ਼ਿਆ ਜਾਏ। ਸ਼ੇਰਿ ਪੰਜਾਬ ਨੇ ਇਸ ਦੀ ਬੇਨਤੀ ਪ੍ਰਵਾਨ ਕਰ ਕੇ ਲੈਲੀ ਨੂੰ ਮੰਗਵਾ ਕੇ ਉਸ ਯਾਤਰੂ ਨੂੰ ਦਿਖਾਇਆ। ਉਹ ਇਸ ਦਾ ਸੁਹੱਪਣ ਤੇ ਕੱਦ-ਕਾਠ ਦੇਖ ਕੇ ਹੈਰਾਨ ਰਹਿ ਗਿਆ। ਇਹ ਆਪਣੇ 22 ਜਨਵਰੀ ਸੰਨ 1836 ਦੇ ਰੋਜ਼ਨਾਮਚੇ ਵਿਚ ਲਿਖਦਾ ਹੈ ਕਿ ਮੇਰੀ ਖ਼ਾਸ ਮੰਗ ਪਰ ਮਹਾਰਾਜਾ ਰਣਜੀਤ ਸਿੰਘ ਨੇ ਲੈਲੀ ਨਾਮੀ ਘੋੜੇ ਦੇ ਦੇਖਣ ਦੀ ਆਗਿਆ ਮੈਨੂੰ ਬਖ਼ਸ਼ੀ। ਇਹ ਘੋੜਾ ਸ਼ੇਰਿ ਪੰਜਾਬ ਦੇ ਘੋੜਿਆਂ ਵਿਚੋਂ ਸਭ ਤੋਂ ਸੋਹਣਾ ਹੈ। ਇਸ ਦੀ ਪ੍ਰਾਪਤੀ ਪਰ ਸ਼ੇਰਿ ਪੰਜਾਬ ਦਾ ਕਈ ਲੱਖ ਰੁਪਿਆ ਖਰਚ ਹੋਇਆ ਸੀ।[1] ਮੈਨੂੰ ਇਸ ਗੱਲ ਦੀ ਸਦਾ ਵਡਿਆਈ ਪ੍ਰਾਪਤ ਰਹੇਗੀ ਕਿ ਮੈਂ ਮਹਾਰਾਜ ਦੀ ਆਗਿਆ ਨਾਲ ਸੰਸਾਰ ਦੇ ਐਨੇ ਵੱਡਮੁੱਲੇ ਘੋੜੇ ਦੀ ਜ਼ੀਨ ਪਰ ਬੈਠਾ ਸਾਂ।

ਲੈਲੀ ਦਾ ਰੰਗ ਗੂੜ੍ਹਾ ਕੁਮੇਤ ਹੈ। ਇਸ ਦੀਆਂ ਚਾਰੇ ਲੱਤਾਂ ਕਾਲੇ ਰੰਗ ਦੀਆਂ ਹਨ ਜਿਨ੍ਹਾਂ ਵਿਚ ਸੋਨੇ ਦੀਆਂ ਝਾਂਜਰਾਂ ਪਈਆਂ ਹੋਈਆਂ ਹਨ। ਇਸ ਦੀ ਆਯੂ 13 ਸਾਲ ਦੀ ਹੈ। ਇਸ ਦੀ ਉਚਾਈ ਪੂਰੇ 16 ਹੱਥ ਹੈ। ਇਸ ਦੀਆਂ ਵਾਗਾਂ ਅਤੇ ਕਾਠੀ ਪਰ ਬਹੁਮੁੱਲੇ ਜਵਾਹਰਾਤ ਦੇ ਨਗ ਲੱਗੇ ਹੋਏ ਹਨ। ਜਨਰਲ ਵੈਨਤੂਰਾ ਨੇ ਮੈਨੂੰ ਦੱਸਿਆ ਹੈ ਕਿ ਇਹ ਹੀ ਲੈਲੀ ਹੈ ਜਿਹੜਾ ਪਿਸ਼ਾਵਰ ਤੋਂ ਲਿਆਂਦਾ ਗਿਆ ਹੈ।[1]

## ਲੈਲੀ ਘੋੜਾ ਸੀ ਕਿ ਘੋੜੀ

ਇਸ ਘੋੜੇ ਬਾਰੇ ਲੈਪਲ ਗ੍ਰਿਫ਼ਨ ਦਾ ਇਹ ਲਿਖਣਾ ਕਿ ਇਹ ਇਤਿਹਾਸਿਕ ਬੁਝਾਰਤ ਹੈ ਕਿ ਲੈਲੀ ਘੋੜਾ ਸੀ ਕਿ ਘੋੜੀ। ਇਸ ਲੇਖਕ ਦਾ ਇਸ ਤਰ੍ਹਾਂ ਲਿਖਣਾ ਉਸ ਨੂੰ ਦੇਸੀ ਮੁਹਾਵਰਿਆਂ ਤੋਂ ਅਜਾਣੂ ਸਾਬਤ ਕਰਦਾ ਹੈ, ਨਹੀਂ ਤਾਂ ਘੋੜਿਆਂ ਲਈ ਬਹੁਤ ਵੇਰਾਂ ਇਸਤਰੀ ਲਿੰਗ ਨਾਮ ਵੀ ਵਰਤੇ ਹਨ ਜਿਹਾ ਕਿ 'ਸਫ਼ੈਦ ਪਰੀ', 'ਬਰਛੀ'[2] ਆਦਿ। ਹਕੀਕਤ ਵਿਚ ਇਹ ਉਹੀ ਘੋੜਾ ਸੀ[3] ਜਿਸ ਬਾਰੇ ਉਪਰ ਲਿਖੀ ਬੈਰਨ ਹੂਗਲ, ਵੈਨਤੂਰਾ ਅਤੇ ਅਮਰਨਾਥ ਦੀ ਗਵਾਹੀ ਅਕਟ ਸਬੂਤ ਹੈ।

## ਦੂਜਾ ਵਿਆਹ

ਬੀਬੀ ਦੇਸਾਂ, ਜਿਸ ਨਾਲ ਕੰਵਰ ਸ਼ੇਰ ਸਿੰਘ ਦਾ ਪਹਿਲਾ ਵਿਵਾਹ ਹੋਇਆ ਸੀ, ਉਹ ਥੋੜ੍ਹੇ ਸਮੇਂ ਬਾਅਦ ਪਰਲੋਕ ਗਮਨ ਕਰ ਗਈ ਸੀ। ਉਸ ਦੇ ਚਲਾਣੇ ਤੋਂ ਉਪਰੰਤ ਸੰ: 1822 ਈ: ਵਿਚ ਕੰਵਰ ਸ਼ੇਰ ਸਿੰਘ ਦਾ ਦੂਜਾ ਵਿਵਾਹ ਸਰਦਾਰ ਹਰੀ ਸਿੰਘ ਲਾਧੋਵਾਲੀਏ ਦੀ ਸਪੁੱਤਰੀ ਬੀਬੀ ਪ੍ਰੇਮ ਕੌਰ ਨਾਲ ਬੜੀ ਧੂਮ ਧਾਮ ਨਾਲ ਹੋਇਆ। ਇਸੇ ਮਹਾਰਾਣੀ ਦੀ ਕੁੱਖ ਤੋਂ 14 ਦਸੰਬਰ ਸੰਨ 1831 ਈ: ਵਿਚ ਸ਼ਾਹਜ਼ਾਦਾ ਪ੍ਰਤਾਪ ਸਿੰਘ ਨੇ ਜਨਮ ਲਿਆ।

ਕੰਵਰ ਸ਼ਿਹਦੇਵ ਸਿੰਘ ਦੀ ਮਾਤਾ ਦਾ ਵਿਆਹ ਮਹਾਰਾਜਾ ਸ਼ੇਰ ਸਿੰਘ ਨਾਲ 1842 ਵਿਚ ਹੋਇਆ ਸੀ। ਪੰਜਾਬ ਪਰ ਅੰਗਰੇਜ਼ਾਂ ਦੇ ਕਬਜ਼ੇ ਦੇ ਉਪਰੰਤ ਇਸ ਸ਼ਾਹਜ਼ਾਦੇ ਤੇ ਇਸ ਦੀ ਮਾਤਾ ਨੂੰ ਪੰਜਾਬ ਤੋਂ ਬਾਹਰ ਬਰੇਲੀ ਸਮਿਲਤ ਸੂਬੇ ਵਿਚ ਭੇਜ ਦਿੱਤਾ ਗਿਆ। ਇਸ ਘਰਾਣੇ ਵਿਚ ਸ਼ਾਹੀ ਵੰਸ਼ ਦੇ ਕਈ ਸ਼ਹਿਜ਼ਾਦੇ ਇਸ ਸਮੇਂ ਤੱਕ ਮੌਜੂਦ ਹਨ।

## ਖ਼ਟਕਾਂ ਪਰ ਭਾਰੀ ਫ਼ਤਹ

ਪਿਸ਼ਾਵਰ ਅਤੇ ਯੂਸਫ਼ਜ਼ਈਆਂ ਦੇ ਇਲਾਕੇ ਵਿਚ ਖ਼ਾਲਸੇ ਦਾ ਰਾਜਸੀ ਪ੍ਰਭਾਵ ਦਿਨੋ-ਦਿਨ ਵਧਦਾ ਦੇਖ ਕੇ, ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਵਾਲੀਏ ਕਾਬਲ, ਜਿਹੜਾ ਆਪਣੇ ਸਾਰੇ ਘਰਾਣੇ ਵਿਚ ਬਹਾਦਰ ਤੇ ਚਤਰ ਮੰਨਿਆ ਜਾਂਦਾ ਸੀ, ਨੇ ਆਪਣੇ ਅਫ਼ਗਾਨੀ ਰਾਜ ਨੂੰ ਖ਼ਾਲਸੇ ਵਲੋਂ ਭਾਰੀ ਖ਼ਤਰੇ ਵਿਚ ਡਿੱਠਾ ਤਾਂ ਉਸ ਨੇ ਖ਼ਾਲਸੇ ਦੀ ਅਠੱਲ ਲਹਿਰ ਨੂੰ ਠੱਲਾ ਪਾਉਣ ਲਈ ਸੰਨ 1822 ਦੇ ਛੇਕੜ ਪਰ ਆਪਣੇ ਸਾਰੇ ਭਾਈਆਂ[1] ਅਤੇ ਸਹਾਇਕ ਕਬੀਲਿਆਂ ਦੇ ਮੁਖੀਆਂ ਨੂੰ ਇਕ ਜਿਰਗੇ ਦੀ ਸ਼ਕਲ ਵਿਚ ਇੱਕਠਾ ਕੀਤਾ ਅਤੇ ਇਨ੍ਹਾਂ ਨੂੰ ਦੱਸਿਆ ਕਿ ਖ਼ਾਲਸਾ ਸ਼ਕਤੀ ਅਫ਼ਗਾਨਿਸਤਾਨ ਵੱਲ, ਨਿਤਾ-ਪ੍ਰਤੀ ਵਧਦੀ ਚਲੀ ਆ ਰਹੀ ਹੈ ਜਿਸ ਤੋਂ ਇਸ ਇਸਲਾਮੀ ਸਲਤਨਤ ਦੀ ਸਲਾਮਤੀ ਲਈ ਭਾਰੀ ਖ਼ਤਰਾ ਸਾਹਮਣੇ ਦਿਸ ਰਿਹਾ ਹੈ। ਇਸ ਲਈ ਹੁਣ ਕੋਈ ਐਸਾ ਉਪਾਓ ਸੋਚੋ ਜਿਸ ਨਾਲ ਇਸ ਭਿਆਨਕ ਤੂਫ਼ਾਨੀ ਹੜ੍ਹ ਨੂੰ ਠਲਾ ਪਾਇਆ ਜਾਏ।

ਲੰਮੀ ਵਿਚਾਰ ਦੇ ਉਪਰੰਤ ਸਾਰੇ ਜਿਰਗੇ ਨੇ ਇਹ ਫ਼ੈਸਲਾ ਕੀਤਾ ਕਿ ਖ਼ਾਲਸੇ ਦੇ ਟਾਕਰੇ ਲਈ ਜਹਾਦ ਦਾ ਝੰਡਾ ਖੜਾ ਕੀਤਾ ਜਾਏ ਅਤੇ ਇਸ ਧਰਮ ਯੁੱਧ ਨੂੰ ਸਫ਼ਲਤਾ ਤੱਕ ਪਹੁੰਚਾਣ ਲਈ ਸਾਰੇ ਅਫ਼ਗਾਨਿਸਤਾਨ ਦੇ ਵਸਨੀਕਾਂ ਤੋਂ ਘਰ ਪ੍ਰਤੀ ਘੱਟੋ-ਘੱਟ ਇਕ-ਇਕ ਜੁਆਨ ਲਿਆ ਜਾਏ। ਇਸੇ ਤਰ੍ਹਾਂ ਅਫ਼ਰੀਦੀਆਂ, ਵਜ਼ੀਰੀਆਂ ਯੂਸਫ਼ਜ਼ਈਆਂ ਅਤੇ ਖ਼ਟਕਾਂ ਨੂੰ ਵੀ ਇਸਲਾਮ ਦੇ ਇਸ ਸਾਂਝੇ ਮਹਾਨ ਕਾਰਜ ਲਈ ਆਪਣੇ ਨਾਲ ਰਲਾ ਲਿਆ ਜਾਏ।

ਇਸ ਵਿਚਾਰ ਨੂੰ ਵਰਤੋਂ ਵਿੱਚ ਲਿਆਉਣ ਲਈ ਸੈਂਕੜੇ ਮੌਲ਼ਵੀ ਤੇ ਮੁਲਾਣੇ ਪ੍ਰੇਰਨਾ ਲਈ ਨੀਯਤ ਕੀਤੇ ਗਏ। ਉਨ੍ਹਾਂ ਪਿੰਡ-ਪਿੰਡ ਪਹੁੰਚ ਕੇ ਐਸੇ ਜੋਸ਼ ਦਾ ਝੱਖੜ ਝੁਲਾਇਆ ਕਿ ਹੱਦ ਮੁਕਾ ਦਿੱਤੀ, ਜਿਸਦੇ ਪ੍ਰਭਾਵ ਤੋਂ ਪ੍ਰਭਾਵਤ ਹੋ ਕੇ ਮੁਸਲਮ ਮਾਵਾਂ ਆਪਣੇ ਪੁੱਤਰਾਂ ਨੂੰ ਬਾਹਾਂ ਤੋਂ ਫੜ-ਫੜ ਦਰਬਾਰ ਵਿਚ ਲਿਆਉਂਦੀਆਂ ਅਤੇ ਖ਼ਾਲਸੇ ਦੇ ਵਿਰੁੱਧ ਜਹਾਦੀ ਜੰਗ ਲੜਨ ਲਈ ਅਮੀਰ ਦੇ ਹੱਥ ਸੌਂਪ ਜਾਂਦੀਆਂ। ਇਸ ਤਰ੍ਹਾਂ ਥੋੜ੍ਹੇ ਦਿਨਾਂ ਵਿਚ ਹੀ ਗ਼ਾਜ਼ੀਆਂ ਦੀ ਗਿਣਤੀ ਸੈਂਕੜਿਆਂ ਤੋਂ ਟੱਪ ਕੇ ਹਜ਼ਾਰਾਂ ਤੱਕ ਅੱਪੜ ਗਈ। ਹੁਣ ਜਹਾਦੀ ਲਸ਼ਕਰ ਅਤੇ ਕਾਬਲੀ ਸਰਦਾਰ ਵੱਡੀਆਂ ਜੰਗੀ ਤਿਆਰੀਆਂ ਤੇ ਉੱਚੀਆਂ ਆਸਾਂ ਮਨ ਵਿਚ ਧਾਰ ਕੇ ਪਹਿਲਾਂ ਪਿਸ਼ਾਵਰ ਪੁੱਜੇ। ਇਥੋਂ ਹੋਰ ਸਹਾਇਕਾਂ ਨੂੰ ਨਾਲ ਲੈ ਕੇ ਖ਼ਟਕਾਂ[1] ਦੇ ਇਕੱਠ ਵਿਚ ਜਾ ਮਿਲੇ।

ਅਕੋੜੇ ਦੇ ਖੁੱਲ੍ਹੇ ਮੈਦਾਨ ਵਿਚ ਪਹੁੰਚ ਕੇ ਇਥੇ ਉਨ੍ਹਾਂ ਇਹ ਵਿਉਂਤ ਸੋਚੀ ਕਿ ਖ਼ਾਲਸੇ ਦੇ ਦਰਿਆ ਅਟਕ ਦੇ ਇਸ ਪਾਰ, ਸੱਜੇ ਕਿਨਾਰੇ ਵਸਾਏ ਖ਼ੈਰਾਬਾਦ ਦੇ ਕਿਲ੍ਹੇ ਪਰ ਧਾਵਾ ਬੋਲ ਕੇ ਇਸ ਨੂੰ ਧਰਤੀ ਨਾਲ ਮਿਲਾ ਦਿੱਤਾ ਜਾਏ ਤੇ ਨਾਲ ਹੀ ਕਿਲ੍ਹੇ ਵਿਚ ਟਿਕੀ ਹੋਈ ਖ਼ਾਲਸਾ ਫ਼ੌਜ ਨੂੰ ਘੇਰਾ ਪਾ ਕੇ ਸਭ ਨੂੰ ਤਲਵਾਰ ਦੀ ਧਾਰ ਤੋਂ ਪਾਰ ਕਰ ਦਿੱਤਾ ਜਾਏ। ਇਸ ਵਿਚਾਰ ਅਨੁਸਾਰ ਅਗਾਧ ਜੋਸ਼ ਵਿਚ ਮਤੇ ਹੋਏ ਜਹਾਦੀਆਂ ਖ਼ੈਰਾਬਾਦ ਦੇ ਕਿਲ੍ਹੇ ਨੂੰ ਸਰ ਕਰਨ ਲਈ ਤੂਫ਼ਾਨੀ ਹੱਲਾ ਬੋਲ ਦਿੱਤਾ।

ਪ੍ਰਤੀਤ ਹੁੰਦਾ ਹੈ ਕਿ ਅਫ਼ਗਾਨ ਇਸ ਭਰਮ ਵਿਚ ਸਨ ਕਿ ਕਿਲ੍ਹੇ ਦੀ ਫ਼ੌਜ ਨੂੰ ਜਦ ਤੱਕ ਬਾਹਰੋਂ ਸਹਾਇਤਾ ਪਹੁੰਚੇਗੀ ਉਹ ਉਸ ਤੋਂ ਪਹਿਲਾਂ ਹੀ ਉਸ ਨੂੰ ਦਬੋਚ ਲੈਣਗੇ।

ਖ਼ਾਲਸਾ ਰਾਜ ਸਮੇਂ ਦਾ ਇਤਿਹਾਸ ਵਾਚਿਆਂ, ਖ਼ਾਲਸੇ ਦਾ ਇਕ ਵਿਸ਼ੇਸ਼ ਗੁਣ ਦ੍ਰਿਸ਼ਟੀ ਮੂਹਰੇ ਆ ਖੜ੍ਹੋਂਦਾ ਹੈ। ਉਹ ਹੈ ਖ਼ਬਰ-ਪੁਚਾਊ ਵਿਭਾਗ ਦੀ ਸਾਵਧਾਨਤਾ।

ਜਿਸ ਸਮੇਂ ਬਾਰਕਜ਼ਈ, ਕਾਬਲ ਵਿਚ, ਖ਼ਾਲਸਾ ਰਾਜ ਪਰ ਚੜ੍ਹਾਈ ਦੀਆਂ ਤਿਆਰੀਆਂ ਵਿਚ ਜੁੱਟੇ ਪਏ ਸਨ ਇਸ ਸਮੇਂ ਉਨ੍ਹਾਂ ਦੀ ਹਰ ਇਕ ਜ਼ਰੂਰੀ ਖ਼ਬਰ, ਰੋਜ਼ਾਨਾ ਸ਼ੇਰਿ ਪੰਜਾਬ ਨੂੰ ਲਾਹੌਰ ਪਹੁੰਚ ਰਹੀ ਸੀ।

ਕੁਦਰਤ ਨੇ ਮਹਾਰਾਜਾ ਸਾਹਿਬ ਨੂੰ ਦੂਰ ਦੀ ਸੂਝ ਦੀ ਬਰਕਤ ਧੁਰੋਂ ਬਖ਼ਸ਼ੀ ਹੋਈ ਸੀ।

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
• Residential Sales
• Rental Property Management (REINZ Accredited PM Company)
• Business Sales
• Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
▪ We Buy Gold Diamond & Coins
▪ 22kt., 9kt, 18kt & Diamond Jewellery
▪ Jewellery Valuation
▪ Jewellery Repairing
▪ Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# ਸਾਊਦੀ ਅਰਬ ਬਣਾ ਰਿਹੈ ਸੁਪਰ-ਲਗਜ਼ਰੀ ਟ੍ਰੇਨ



ਰਿਆਦ- ਐਮ.ਬੀ.ਬੀ. ਐਸ. ਕਹੇ ਜਾਂਦੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਜਦੋਂ ਤੋਂ ਸ਼ਾਸਨ ਦੀ ਵਾਗਡੋਰ ਸੰਭਾਲੀ ਹੈ, ਉਦੋਂ ਤੋਂ ਹੀ ਦੇਸ਼ ਨੇ ਅਜਿਹੇ ਕਾਰਨਾਮੇ ਕੀਤੇ ਹਨ ਜਿਨ੍ਹਾਂ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਉਸਨੇ ਆਪਣੇ ਅਭਿਲਾਸ਼ੀ ਪ੍ਰੋਜੈਕਟ 'ਵਿਜ਼ਨ 2030' ਦੇ ਹਿੱਸੇ ਵਜੋਂ ਮਾਰੂਥਲ ਵਿੱਚ ਇੱਕ ਭਵਿੱਖਮੁਖੀ ਸ਼ਹਿਰ ਨਿਓਮ ਦੀ ਕਲਪਨਾ ਕੀਤੀ। ਇਸ ਸ਼ਹਿਰ ਵਿੱਚ ਸਾਰੀਆਂ ਨਵੀਨਤਮ ਸਹੂਲਤਾਂ ਨਾਲ ਲੈਸ ਇੱਕ ਨਕਲੀ ਚੰਦ ਵੀ ਬਣਾਇਆ ਜਾ ਰਿਹਾ ਹੈ। ਹੁਣ ਸਾਊਦੀ ਅਰਬ ਨੇ ਇੱਕ ਹੋਰ ਕਾਰਨਾਮਾ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ ਅਤੇ ਉਹ ਹੈ ਸਾਊਦੀ ਦਾ 'ਡਰੀਮ ਆਫ ਦ ਡੈਜ਼ਰਟ' ਪ੍ਰੋਜੈਕਟ।



ਅਸਲ ਵਿਚ ਸਾਊਦੀ ਅਰਬ ਆਪਣੇ ਮਾਰੂਥਲ ਵਿੱਚ ਇੱਕ ਫਾਈਵ ਸਟਾਰ ਰੇਲਗੱਡੀ ਚਲਾਉਣ ਜਾ ਰਿਹਾ ਹੈ ਜਿਸਨੂੰ 'ਚਲਦਾ ਮਹਿਲ' ਕਹਿਣਾ ਗ਼ਲਤ ਨਹੀਂ ਹੋਵੇਗਾ। ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਵਿਜ਼ਨ 2030 ਦੇ ਤਹਿਤ ਦੇਸ਼ ਦੀ ਤੇਲ-ਅਧਾਰਤ ਅਰਥਵਿਵਸਥਾ ਨੂੰ ਵਿਭਿੰਨ ਬਣਾਉਣਾ ਚਾਹੁੰਦੇ ਹਨ। ਇਸੇ ਲਈ ਉਹ ਵਿਦੇਸ਼ੀ ਨਿਵੇਸ਼ ਅਤੇ ਸੈਰ-ਸਪਾਟੇ 'ਤੇ ਬਹੁਤ ਜ਼ੋਰ ਦੇ ਰਿਹਾ ਹੈ। ਰਾਜ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਫਾਈਵ ਸਟਾਰ ਲਗਜ਼ਰੀ ਰੇਲਗੱਡੀ ਲਿਆਂਦੀ ਜਾ ਰਹੀ ਹੈ।

ਸਾਊਦੀ ਅਰਬ ਦੀ ਸਰਕਾਰੀ ਕੰਪਨੀ ਸਾਊਦੀ ਅਰਬ ਦੀ ਰੇਲਵੇ (ਸ਼ਅ੍ਰ) ਇਸ ਰੇਲਗੱਡੀ ਦਾ ਨਿਰਮਾਣ ਇਤਾਲਵੀ ਕੰਪਨੀ ਆਰਸੇਨਲ ਦੇ ਸਹਿਯੋਗ ਨਾਲ ਕਰ ਰਹੀ ਹੈ। ਦੋਵਾਂ ਕੰਪਨੀਆਂ ਨੇ ਮਿਲ ਕੇ 'ਡ੍ਰੀਮ ਆਫ਼ ਡੈਜ਼ਰਟ' ਨਾਮਕ ਇਸ ਲਗਜ਼ਰੀ ਟ੍ਰੇਨ ਦਾ ਅੰਤਿਮ ਡਿਜ਼ਾਈਨ ਜਾਰੀ ਕੀਤਾ ਹੈ। ਇਹ ਰੇਲਗੱਡੀ ਮੱਧ ਪੂਰਬ ਦੀ ਪਹਿਲੀ ਫਾਈਵ ਸਟਾਰ ਲਗਜ਼ਰੀ ਰੇਲਗੱਡੀ ਹੋਵੇਗੀ।

ਸਾਊਦੀ ਅਰਬ ਦੀ ਲਗਜ਼ਰੀ ਰੇਲਗੱਡੀ ਸੈਲਾਨੀਆਂ ਨੂੰ ਰਾਜ ਦੇ ਵਿਸ਼ਾਲ ਮਾਰੂਥਲ ਦੇ ਦੌਰੇ 'ਤੇ ਲੈ ਜਾਵੇਗੀ ਅਤੇ ਇਸ ਦੀਆਂ ਸੇਵਾਵਾਂ 2026 ਦੇ ਅੰਤ ਤੱਕ ਸ਼ੁਰੂ ਹੋ ਜਾਣਗੀਆਂ। ਇਹ ਰੇਲਗੱਡੀ ਸਾਊਦੀ ਰਾਜਧਾਨੀ



ਰਿਆਦ ਤੋਂ ਚੱਲੇਗੀ ਅਤੇ 1,300 ਕਿਲੋਮੀਟਰ ਮੌਜੂਦਾ ਰੇਲਵੇ ਲਾਈਨਾਂ 'ਤੇ ਉੱਤਰੀ ਸੂਬੇ ਅਲ ਜੌਫ ਵਿੱਚ ਅਲ ਕੁਰੈਯਤ ਤੱਕ ਚੱਲੇਗੀ। ਇਸ ਰਸਤੇ ਨੂੰ ਸਾਊਦੀ ਅਰਬ ਦਾ ਸਭ ਤੋਂ ਖ਼ੂਬਸੂਰਤ ਰਸਤਾ ਮੰਨਿਆ ਜਾਂਦਾ ਹੈ, ਜਿਸਦੀ ਕੁਦਰਤੀ ਸੁੰਦਰਤਾ ਦੇਖਣ ਯੋਗ ਹੈ।

ਜਨਵਰੀ 2024 ਵਿੱਚ ਇੱਕ ਲਗਜ਼ਰੀ ਟ੍ਰੇਨ ਬਣਾਉਣ ਲਈ ਸ਼ਅ੍ਰ ਅਤੇ ਅਰਸਓਲਏ ਵਿਚਕਾਰ 461 ਕਰੋੜ ਰੁਪਏ ਦਾ ਅਧਿਕਾਰਤ ਸਮਝੌਤਾ ਹੋਇਆ ਸੀ। ਡ੍ਰੀਮ ਆਫ਼ ਦ ਡੇਜ਼ਰਟ ਟ੍ਰੇਨ ਵਿੱਚ 14 ਕੋਚ ਹੋਣਗੇ ਜਿਨ੍ਹਾਂ ਵਿੱਚ 34 ਲਗਜ਼ਰੀ ਸੂਟ ਹੋਣਗੇ।

ਰੇਲਗੱਡੀ ਦਾ ਅੰਦਰੂਨੀ ਹਿੱਸਾ ਲੇਬਨਾਨੀ ਆਰਕੀਟੈਕਟ ਐਲੀਨ ਅਸਮਾਰ ਡੀ'ਅਮਾਨ ਦੁਆਰਾ ਡਿਜ਼ਾਈਨ ਕੀਤਾ ਗਿਆ ਹੈ ਅਤੇ ਇਸਦੀ ਆਰਕੀਟੈਕਚਰ ਹੈਰਾਨੀਜਨਕ ਹੈ। ਟ੍ਰੇਨ ਦੀਆਂ ਅੰਦਰੂਨੀ ਛੱਤਾਂ ਸੋਨੇ ਨਾਲ ਮੜ੍ਹੀਆਂ ਹੋਈਆਂ ਹਨ, ਬੈਂਕੁਇਟ ਹਾਲ ਅਨਮੋਲ ਮੈਕੇਟਾਂ ਨਾਲ ਲੈਸ ਹਨ ਅਤੇ ਸ਼ਾਨਦਾਰ ਟਾਈਲਾਂ ਦਾ ਕੰਮ ਹੈ ਜੋ ਸਾਊਦੀ ਪਰੰਪਰਾ ਦੇ ਅਹਿਸਾਸ ਨੂੰ ਦਰਸਾਉਂਦਾ ਹੈ। ਰਿਸੈਪਸ਼ਨ ਏਰੀਆ ਨੂੰ ਇੱਕ ਮਜਲਿਸ ਸੈਟਿੰਗ ਵਾਂਗ ਡਿਜ਼ਾਈਨ ਕੀਤਾ ਗਿਆ ਹੈ ਜਿਸ ਵਿੱਚ ਲੱਕੜ ਦੇ ਕੰਮ ਨੂੰ ਰੇਗਿਸਤਾਨ ਦੀ ਰੇਤ ਵਰਗੇ ਰੰਗਾਂ ਵਿੱਚ ਪੇਂਟ ਕੀਤਾ ਗਿਆ ਹੈ। ਸਾਊਦੀ ਵਿਰਾਸਤ ਅਤੇ ਸੱਭਿਆਚਾਰ ਤੋਂ ਪ੍ਰੇਰਿਤ ਵਿਸ਼ੇਸ਼ ਕਲਾਕ੍ਰਿਤੀਆਂ ਨੂੰ ਰੇਲਗੱਡੀਆਂ ਦੇ ਗਲਿਆਰਿਆਂ ਦੇ ਨਾਲ ਲਟਕਣ ਲਈ ਲਗਾਇਆ ਗਿਆ ਹੈ। ਰੇਲਗੱਡੀ ਵਿੱਚ ਖਾਣੇ ਦਾ ਮੀਨੂ ਸਥਾਨਕ ਅਤੇ ਅੰਤਰਰਾਸ਼ਟਰੀ ਸ਼ੈੱਫਾਂ ਦੀ ਮਦਦ ਨਾਲ ਤਿਆਰ ਕੀਤਾ ਜਾਵੇਗਾ। ਟ੍ਰੇਨ ਬੁਕਿੰਗ ਦੇ ਵੇਰਵੇ ਅਤੇ ਵਿਸ਼ੇਸ਼ ਪੈਕੇਜ ਅਧਿਕਾਰਤ ਵੈੱਬਸਾਈਟ 'ਤੇ ਘੋਸ਼ਿਤ ਕੀਤੇ ਜਾਣਗੇ। ਸਾਊਦੀ ਅਰਬ 2030 ਤੱਕ 150 ਮਿਲੀਅਨ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਦਾ ਟੀਚਾ ਰੱਖਦਾ ਹੈ।












# ਸੂਡਾਨ ਜਹਾਜ਼ ਹਾਦਸਾ : ਸਿਰਫ਼ ਇਕ ਵਿਅਕਤੀ ਦੀ ਬਚੀ ਜਾਨ



ਜੁਬਾ: ਦੱਖਣੀ ਸੂਡਾਨ ਦੇ ਇੱਕ ਦੂਰ-ਦੁਰਾਡੇ ਇਲਾਕੇ ਵਿੱਚ ਇੱਕ ਵੱਡਾ ਜਹਾਜ਼ ਹਾਦਸਾ ਵਾਪਰਿਆ। ਇਸ ਜਹਾਜ਼ ਹਾਦਸੇ ਵਿੱਚ 20 ਲੋਕਾਂ ਦੀ ਮੌਤ ਹੋ ਗਈ, ਜਿਨਾਂ ਵਿਚ ਇਕ ਭਾਰਤੀ ਨਾਗਰਿਕ ਵੀ ਸ਼ਾਮਲ ਹੈ। ਜਹਾਜ਼ ਵਿੱਚ 21 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਚਮਤਕਾਰੀ ਢੰਗ ਨਾਲ ਸਿਰਫ਼ ਇੱਕ ਯਾਤਰੀ ਬਚ ਸਕਿਆ। ਇਹ ਜਹਾਜ਼ ਚੀਨੀ ਤੇਲ ਕੰਪਨੀ ਗ੍ਰੇਟਰ ਪਾਇਨੀਅਰ ਓਪਰੇਟਿੰਗ ਕੰਪਨੀ ਨਾਲ ਜੁੜਿਆ ਹੋਇਆ ਸੀ। ਇਹ ਜਹਾਜ਼ ਸਵੇਰੇ 10:30 ਵਜੇ ਦੱਖਣੀ ਸੂਡਾਨ ਦੇ ਯੂਨਿਟੀ ਰਾਜ ਵਿੱਚ ਇੱਕ ਤੇਲ ਖੇਤਰ ਦੇ ਨੇੜੇ ਉਡਾਣ ਭਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਇਹ ਜਹਾਜ਼ ਦੱਖਣੀ ਸੂਡਾਨ ਦੀ ਰਾਜਧਾਨੀ ਜੁਬਾ ਜਾ ਰਿਹਾ ਸੀ। ਸੂਚਨਾ ਮੰਤਰੀ ਗਟਵੇਚ ਬਿਪਲ ਨੇ ਕਿਹਾ ਕਿ ਜਹਾਜ਼ ਵਿੱਚ 21 ਲੋਕ ਸਵਾਰ ਸਨ। ਇਸ ਵਿੱਚ ਦੋ ਪਾਇਲਟ ਵੀ ਸ਼ਾਮਲ ਸਨ।

ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਜਹਾਜ਼ ਵਿੱਚ ਸਵਾਰ ਜ਼ਿਆਦਾਤਰ ਲੋਕ ਤੇਲ ਕੰਪਨੀ ਦੇ ਕਰਮਚਾਰੀ ਸਨ। ਸੰਯੁਕਤ ਰਾਸ਼ਟਰ ਨਾਲ ਸਬੰਧਤ ਰੇਡੀਓ ਮਿਰਾਇਆ ਨੇ ਜਹਾਜ਼ ਦੇ ਮੈਨੀਫੈਸਟ ਦੇ ਹਵਾਲੇ ਨਾਲ ਕਿਹਾ ਕਿ ਮ੍ਰਿਤਕਾਂ ਵਿੱਚੋਂ ਜ਼ਿਆਦਾਤਰ ਦੱਖਣੀ ਸੂਡਾਨ ਦੇ ਨਾਗਰਿਕ ਸਨ। ਮਰਨ ਵਾਲਿਆਂ ਵਿੱਚ ਇੱਕ ਭਾਰਤੀ ਅਤੇ ਦੋ ਚੀਨੀ ਨਾਗਰਿਕ ਵੀ ਸ਼ਾਮਲ ਸਨ। ਅਧਿਕਾਰੀਆਂ ਨੇ ਅਜੇ ਤੱਕ ਮ੍ਰਿਤਕਾਂ ਦੀ ਪਛਾਣ ਦੀ ਪੁਸ਼ਟੀ ਨਹੀਂ ਕੀਤੀ ਹੈ। ਦੱਖਣੀ ਸੂਡਾਨ ਵਿੱਚ ਸ਼ਸ਼ਭਛ ਨਿਊਜ਼ ਦੇ ਚੋਲ ਅਟਕ ਨੇ ਯ ‘ਤੇ ਆਪਣੀ ਪੋਸਟ ਵਿੱਚ ਦੱਸਿਆ ਕਿ ਜਹਾਜ਼ ਹਾਦਸੇ ਵਿੱਚ ਬਚੇ ਵਿਅਕਤੀ ਦਾ ਨਾਮ ਇਮੈਨੁਅਲ ਮੇਕਰ ਹੈ। ਉਹ ਗ੍ਰੇਟਰ ਪਾਇਨੀਅਰ ਕੰਪਨੀ ਦਾ ਇੰਜੀਨੀਅਰ ਹੈ। ਉਸਨੂੰ ਜ਼ਖਮੀ ਹਾਲਤ ਵਿੱਚ ਜੂਬਾ ਲਿਜਾਇਆ ਗਿਆ, ਜਿੱਥੇ ਉਸਦੀ ਹਾਲਤ ਸਥਿਰ ਹੈ।

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਦੱਖਣੀ ਸੂਡਾਨ ਦੇ ਤੇਲ ਮੰਤਰੀ ਪੁਓਟਕਾਂਗ ਚੋਲ ਨੇ ਕੀਨੀਆ ਦੀ ਰਾਜਧਾਨੀ ਨੈਰੋਬੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਸ ਘਟਨਾ ‘ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ, ‘ਅਸੀਂ ਇਸ ਘਟਨਾ ਤੋਂ ਬਹੁਤ ਦੁਖੀ ਹਾਂ।‘ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਜਹਾਜ਼ ਕਿਵੇਂ ਹਾਦਸਾਗ੍ਰਸਤ ਹੋਇਆ। ਦੱਖਣੀ ਸੂਡਾਨ ਦੇ ਰਾਸ਼ਟਰਪਤੀ ਸਲਵਾ ਕੀਰ ਨੇ ਟਰਾਂਸਪੋਰਟ ਮੰਤਰਾਲੇ ਨੂੰ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਹਾਦਸਾ ਨਾ ਸਿਰਫ਼ ਪੂਰੇ ਦੇਸ਼ ਲਈ ਸਗੋਂ ਤੇਲ ਉਦਯੋਗ ਲਈ ਵੀ ਇੱਕ ਵੱਡਾ ਝਟਕਾ ਹੈ।

# ਸਾਬਕਾ ਅਮਰੀਕੀ ਸੈਨੇਟਰ ਨੂੰ 11 ਸਾਲ ਦੀ ਕੈਦ ਦੀ ਸਜ਼ਾ



ਨਿਊਯਾਰਕ - ਨਿਊ ਜਰਸੀ ਤੋਂ ਸਾਬਕਾ ਅਮਰੀਕੀ ਸੈਨੇਟਰ ਬੌਬ ਮੇਨਡੇਜ਼ ਨੂੰ ਪਿਛਲੇ ਜੁਲਾਈ ਵਿੱਚ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 11 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਜ਼ਿਲ੍ਹਾ ਅਦਾਲਤ ਦੇ ਜੱਜ ਸਿਡਨੀ ਐਚ. ਸਟਾਈਨ ਨੇ ਜਨਵਰੀ ਦੇ ਸ਼ੁਰੂ ਵਿੱਚ ਮੇਨੇਂਡੇਜ਼ ਨੂੰ ਸਜ਼ਾ ਸੁਣਾਈ ਜਦੋਂ ਉਸਦੇ ਵਕੀਲਾਂ ਨੇ ਨਰਮੀ ਲਈ ਅਪੀਲ ਦਾਇਰ ਕੀਤੀ। ਇਸ ਦੌਰਾਨ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਦੇ ਵਕੀਲਾਂ ਨੇ 15 ਸਾਲ ਦੀ ਕੈਦ ਦੀ ਸਜ਼ਾ ਦੀ ਬੇਨਤੀ ਕੀਤੀ।

ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਸੰਯੁਕਤ ਰਾਜ ਅਮਰੀਕਾ ਦੇ ਵਕੀਲ ਡੈਨੀਅਲ ਆਰ. ਸੈਸੂਨ ਨੇ ਇੱਕ ਬਿਆਨ ਵਿੱਚ ਕਿਹਾ, “ਅੱਜ ਦਿੱਤੀਆਂ ਗਈਆਂ ਸਜ਼ਾਵਾਂ ਸੰਘੀ ਸਰਕਾਰ ਦੀ ਵਿਧਾਨਕ ਸ਼ਾਖਾ ਦੇ ਉੱਚ ਪੱਧਰ ‘ਤੇ ਸ਼ਕਤੀ ਦੀ ਘੋਰ ਦੁਰਵਰਤੋਂ ਦਾ ਨਤੀਜਾ ਹਨ।“ ਰਾਬਰਟ ਮੇਨਨਡੇਜ਼ ਨੂੰ ਸੰਯੁਕਤ ਰਾਜ ਅਮਰੀਕਾ ਅਤੇ ਨਿਊ ਜਰਸੀ ਰਾਜ ਦੀ ਨੁਮਾਇੰਦਗੀ ਕਰਨ ਲਈ ਭਰੋਸੇਯੋਗ ਮੰਨਿਆ ਗਿਆ ਸੀ, ਪਰ ਇਸ ਦੀ ਬਜਾਏ ਉਸਨੇ ਆਪਣੀ ਸਥਿਤੀ ਦੀ ਵਰਤੋਂ ਆਪਣੀ ਮਦਦ ਲਈ ਕੀਤੀ। 1954 ਵਿੱਚ ਜਨਮੇ ਮੇਨਨਡੇਜ਼ ਨੇ 2006 ਤੋਂ 2024 ਵਿੱਚ ਆਪਣੇ ਅਸਤੀਫੇ ਤੱਕ ਅਮਰੀਕੀ ਸੈਨੇਟਰ ਵਜੋਂ ਸੇਵਾ ਨਿਭਾਈ। ਸੈਨੇਟ ਵਿੱਚ ਸੇਵਾ ਨਿਭਾਈ ਅਤੇ 2013 ਤੋਂ 2015 ਅਤੇ 2021 ਤੋਂ 2023 ਤੱਕ ਵਿਦੇਸ਼ੀ ਸਬੰਧਾਂ ਬਾਰੇ ਸੰਯੁਕਤ ਰਾਜ ਸੈਨੇਟ ਕਮੇਟੀ ਦੀ ਪ੍ਰਧਾਨਗੀ ਕੀਤੀ। ਜੱਜ ਨੇ ਬੁੱਧਵਾਰ ਨੂੰ ਦੋ ਸਹਿ-ਮੁਲਜ਼ਮਾਂ ਨੂੰ ਕਈ ਸਾਲ ਕੈਦ ਦੀ ਸਜ਼ਾ ਵੀ ਸੁਣਾਈ।

First in service
THIRSTY LIQUOR
First in value
Black Bull LIQUOR
NO BULL, JUST THE BEST
Over 200 Liquor Stores Nationwide
Join the fastest gowing liquor franchise in NZ! If you would like to discuss any liquor store business opportunities do not hesitate to contact any one of the team.
Tina 021 854 786
Jack 021 783 488

Travel Point
0800 66 11 88
Specialist for Indian Subcontinent Travel
Competitive Pricing
Trusted Service
Customer Focus
Leisure & Business Travel
Group & Tour Bookings
TICKETING
TOURS
HOLIDAYS
SANDRINGHAM OFFICE
521 Sandringham Road
Sandringham, Auckland, Ph: 09-815 3595
PAPATOETOE OFFICE
14 East Tamaki Road,
Papatoetoe, Auckland, Ph: 09-277 0592
Emergency 24/7: 027 491 8583
www.travelpoint.co.nz

# ਐਲੋਨ ਮਸਕ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ



ਵਾਸ਼ਿੰਗਟਨ- ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ ਅਰਬਪਤੀ ਕਾਰੋਬਾਰੀ ਅਤੇ ਸੰਯੁਕਤ ਰਾਜ ਵਿਦੇਸ਼ ਵਿਭਾਗ (DOGE) ਦੇ ਮੁਖੀ ਐਲੋਨ ਮਸਕ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਯੂਰਪੀਅਨ ਸੰਸਦ ਦੇ ਸਲੋਵੇਨੀਅਨ ਮੈਂਬਰ ਬ੍ਰੈਂਕੋ ਗ੍ਰਾਈਮਸ ਨੇ ਪੁਸ਼ਟੀ ਕੀਤੀ ਹੈ ਕਿ 2025 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਐਲੋਨ ਮਸਕ ਦੀ ਨਾਮਜ਼ਦਗੀ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ ਨਾਰਵੇਈ ਨੋਬਲ ਕਮੇਟੀ ਨੂੰ ਸੌਂਪ ਦਿੱਤੀ ਗਈ ਹੈ।

ਗ੍ਰਾਈਮਸ ਨੇ ਆਪਣੀ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਇਹ ਨਾਮਜ਼ਦਗੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਦਿੱਤੀ ਗਈ ਹੈ। ਮਸਕ ਇਲੈਕਟ੍ਰਿਕ ਵਾਹਨ ਦਿੱਗਜ ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ ਹਨ। ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੇ ਮਾਲਕ ਵੀ ਹਨ। ਧੌਘਓ ਦੇ ਮੁਖੀ ਵਜੋਂ ਆਪਣੀ ਨਿਯੁਕਤੀ ਤੋਂ ਬਾਅਦ ਉਹ ਹੁਣ ਨਵੇਂ ਟਰੰਪ ਪ੍ਰਸ਼ਾਸਨ ਵਿੱਚ ਬਹੁਤ ਜ਼ਿਆਦਾ ਸ਼ਾਮਲ ਹਨ।

ਐਕਸ ਨੂੰ ਪ੍ਰਾਪਤ ਕਰਦੇ ਸਮੇਂ ਮਸਕ ਨੇ ਕਿਹਾ ਕਿ ਉਹ ਪ੍ਰਗਟਾਵੇ ਦੀ ਆਜ਼ਾਦੀ ਲਈ ਅਜਿਹਾ ਕਰ ਰਿਹਾ ਹੈ। ਉਸ ਸਮੇਂ ਉਸਨੇ ਬੋਲਣ ਦੀ ਆਜ਼ਾਦੀ ਦਾ ਆਪਣਾ ਅਰਥ ਸਮਝਾਇਆ। ਉਸਨੇ ਕਿਹਾ,"ਫ੍ਰੀ ਸਪੀਚ' ਤੋਂ ਮੇਰਾ ਮਤਲਬ ਸਿਰਫ਼ ਉਹੀ ਹੈ ਜੋ ਕਾਨੂੰਨ ਦੇ ਅਨੁਕੂਲ ਹੋਵੇ।" ਐਲਨ ਮਸਕ ਨੇ ਕਿਹਾ, "ਮੈਂ ਉਸ ਸੈਂਸਰਸ਼ਿਪ ਦੇ ਵਿਰੁੱਧ ਹਾਂ ਜੋ ਕਾਨੂੰਨ ਦੇ ਵਿਰੁੱਧ ਹੈ।

ਜੇਕਰ ਲੋਕ ਪ੍ਰਗਟਾਵੇ ਦੀ ਆਜ਼ਾਦੀ ਘੱਟ ਚਾਹੁੰਦੇ ਹਨ ਤਾਂ ਉਹ ਸਰਕਾਰ ਨੂੰ ਇਸ ਸੰਬੰਧੀ ਕਾਨੂੰਨ ਪਾਸ ਕਰਨ ਲਈ ਕਹਿਣਗੇ।

ਇਸ ਲਈ ਕਾਨੂੰਨ ਤੋਂ ਪਰੇ ਜਾਣਾ ਲੋਕਾਂ ਦੀ ਇੱਛਾ ਦੇ ਉਲਟ ਹੈ।" ਉਸ ਨੇ ਉਦੋਂ ਤੋਂ ਪ੍ਰਗਟਾਵੇ ਦੀ ਆਜ਼ਾਦੀ ਲਈ ਆਪਣੇ ਸੱਦੇ ਨੂੰ ਅੱਗੇ ਵਧਾਇਆ ਹੈ ਅਤੇ ਕਿਹਾ ਹੈ ਕਿ ਉਸਦਾ ਪਲੇਟਫਾਰਮ X ਇਸ ਵਿੱਚ ਵਿਸ਼ਵਾਸ ਰੱਖਦਾ ਹੈ।

ਇੱਥੇ ਦੱਸ ਦਈਏ ਕਿ ਨੋਬਲ ਸ਼ਾਂਤੀ ਪੁਰਸਕਾਰ ਸਮਾਰੋਹ 10 ਦਸੰਬਰ ਨੂੰ ਓਸਲੋ, ਨਾਰਵੇ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਜਿੱਥੇ ਨੋਬਲ ਪੁਰਸਕਾਰ ਜੇਤੂ ਨੂੰ ਦਿੱਤਾ ਜਾਂਦਾ ਹੈ। ਜਿਸ ਵਿੱਚ ਨੋਬਲ ਪੁਰਸਕਾਰ ਦਾ ਤਗਮਾ, ਡਿਪਲੋਮਾ ਅਤੇ ਇਨਾਮੀ ਰਾਸ਼ੀ ਦੀ ਪੁਸ਼ਟੀ ਕਰਨ ਵਾਲਾ ਇੱਕ ਦਸਤਾਵੇਜ਼ ਸ਼ਾਮਲ ਹੁੰਦਾ ਹੈ।

# ਆਸਟ੍ਰੇਲੀਆ ਦੇ ਜੰਗਲਾਂ 'ਚ ਲੱਗੀ ਅੱਗ, ਲੋਕਾਂ ਨੂੰ ਕੱਢਣ ਦਾ ਹੁਕਮ ਜਾਰੀ



ਸਿਡਨੀ - ਆਸਟ੍ਰੇਲੀਆ ਦੇ ਵਿਕਟੋਰੀਆ ਰਾਜ ਦੀ ਰਾਜਧਾਨੀ ਮੈਲਬੌਰਨ ਵਿੱਚ ਜੰਗਲਾਂ ਦੀ ਅੱਗ ਲਗਾਤਾਰ ਫੈਲਦੀ ਜਾ ਰਹੀ ਹੈ, ਜਿਸ ਕਾਰਨ ਦੱਖਣ-ਪੂਰਬੀ ਆਸਟ੍ਰੇਲੀਆ ਦੇ ਅਧਿਕਾਰੀਆਂ ਨੇ ਆਲੇ ਦੁਆਲੇ ਦੇ ਇਲਾਕਿਆਂ ਦੇ ਲੋਕਾਂ ਨੂੰ ਆਪਣੇ ਘਰ ਖਾਲੀ ਕਰਨ ਅਤੇ ਸੁਰੱਖਿਅਤ ਥਾਂ 'ਤੇ ਜਾਣ ਦੇ ਹੁਕਮ ਦਿੱਤੇ ਹਨ। ਵਿਕਟੋਰੀਆ ਦੀਆਂ ਐਮਰਜੈਂਸੀ ਸੇਵਾਵਾਂ ਨੇ ਵੀਰਵਾਰ ਸਵੇਰੇ ਮੈਲਬੌਰਨ ਤੋਂ ਲਗਭਗ 250 ਕਿਲੋਮੀਟਰ ਪੱਛਮ ਵਿੱਚ, ਗ੍ਰੈਂਪੀਅਨਜ਼ ਨੈਸ਼ਨਲ ਪਾਰਕ ਦੇ ਦੱਖਣ-ਪੱਛਮੀ ਕਿਨਾਰੇ ਨੇੜੇ ਚਾਰ ਛੋਟੇ ਕਸਬਿਆਂ ਦੇ ਲਗਭਗ 100 ਨਿਵਾਸੀਆਂ ਨੂੰ ਬੇਕਾਬੂ ਅੱਗ ਦੁਆਰਾ ਪੈਦਾ ਹੋਣ ਵਾਲੇ ਖ਼ਤਰੇ ਤੋਂ ਬਚਣ ਲਈ ਤੁਰੰਤ ਆਪਣੇ ਘਰ ਛੱਡਣ ਦੀ ਅਪੀਲ ਕੀਤੀ।

ਸਥਾਨਕ ਸਮੇਂ ਅਨੁਸਾਰ ਸਵੇਰੇ 7:30 ਵਜੇ ਤੋਂ ਬਾਅਦ ਵਿਕ ਐਮਰਜੈਂਸੀ ਵੱਲੋਂ ਜਾਰੀ ਕੀਤੀ ਗਈ ਚਿਤਾਵਨੀ ਵਿੱਚ ਕਿਹਾ ਗਿਆ ਹੈ ਕਿ ਰਾਤ ਭਰ ਅੱਗ ਦੀਆਂ ਗਤੀਵਿਧੀਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜਿਸ ਨਾਲ ਰਾਸ਼ਟਰੀ ਪਾਰਕ ਦੇ ਪੱਛਮੀ ਕਿਨਾਰੇ 'ਤੇ ਲੱਗੀ ਅੱਗ ਕਈ ਦਿਸ਼ਾਵਾਂ ਵਿੱਚ ਫੈਲ ਗਈ ਹੈ। ਐਮਰਜੈਂਸੀ ਸੇਵਾਵਾਂ ਨੇ ਕਿਹਾ ਕਿ ਸਭ ਤੋਂ ਸੁਰੱਖਿਅਤ ਵਿਕਲਪ ਇਹ ਸੀ ਕਿ ਹਾਲਾਤ ਬਹੁਤ ਖ਼ਤਰਨਾਕ ਹੋਣ ਤੋਂ ਪਹਿਲਾਂ ਤੁਰੰਤ ਚਲੇ ਜਾਣਾ। ਜੇ ਤੁਸੀਂ ਰੁਕਣ ਦਾ ਫ਼ੈਸਲਾ ਕਰਦੇ ਹੋ, ਤਾਂ ਐਮਰਜੈਂਸੀ ਸੇਵਾਵਾਂ ਤੁਹਾਡੀ ਮਦਦ ਨਹੀਂ ਕਰ ਸਕਣਗੀਆਂ।

ਸੋਮਵਾਰ ਨੂੰ ਪੂਰਬ ਵਿੱਚ ਬਿਜਲੀ ਡਿੱਗਣ ਨਾਲ ਪ੍ਰਭਾਵਿਤ ਤਿੰਨ ਹੋਰ ਕਸਬਿਆਂ ਦੇ ਨਿਵਾਸੀਆਂ ਨੂੰ ਦੱਸਿਆ ਗਿਆ ਹੈ ਕਿ ਉਥੋਂ ਚਲੇ ਜਾਣਾ ਹੀ ਸਭ ਤੋਂ ਸੁਰੱਖਿਅਤ ਵਿਕਲਪ ਹੈ। ਘਟਨਾ ਕੰਟਰੋਲਰ ਪੀਟਰ ਵੈਸਟਰਨ ਨੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ) ਨੂੰ ਦੱਸਿਆ ਕਿ ਹਲਕੇ ਹਾਲਾਤ ਦੇ ਬਾਵਜੂਦ ਅੱਗ ਰਾਤੋ-ਰਾਤ 7,000 ਹੈਕਟੇਅਰ ਤੱਕ ਫੈਲ ਗਈ। ਉਨ੍ਹਾਂ ਕਿਹਾ ਕਿ ਪਾਰਕ ਦੇ ਪੱਛਮੀ ਕਿਨਾਰੇ 'ਤੇ ਕੁਝ ਨਿੱਜੀ ਜਾਇਦਾਦ ਸੜ ਕੇ ਸੁਆਹ ਹੋ ਗਈ। ਰਾਸ਼ਟਰੀ ਪਾਰਕ ਦੇ ਉੱਤਰ ਵਿੱਚ ਲੱਗੀ ਦੂਜੀ ਅੱਗ ਨੇੜੇ ਰਹਿਣ ਵਾਲੇ ਭਾਈਚਾਰਿਆਂ ਨੂੰ ਬਦਲਦੀਆਂ ਸਥਿਤੀਆਂ ਦੀ ਨਿਗਰਾਨੀ ਕਰਨ ਅਤੇ ਖਾਲੀ ਕਰਨ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਕਰਮਚਾਰੀ ਸ਼ਨੀਵਾਰ ਤੋਂ ਮੰਗਲਵਾਰ ਤੱਕ ਚੱਲਣ ਵਾਲੀ ਗਰਮੀ ਦੀ ਲਹਿਰ ਤੋਂ ਪਹਿਲਾਂ ਅੱਗ 'ਤੇ ਕਾਬੂ ਪਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ।





# “ਤੀਆਂ ਤੀਜ ਦੀਆਂ” ਲਈ ਸ਼ੁੱਭ ਇੱਛਾਵਾਂ

ਪੰਜਾਬ ਵਿਚ ਤੀਆਂ ਦਾ ਤਿਉਹਾਰ ਧਾਰਮਿਕ ਕਰਮ-ਕਾਂਡਾਂ ਤੋਂ ਉੱਪਰ ਉੱਠ ਕੇ ਮਨਾਇਆ ਜਾਂਦਾ ਹੈ।ਵੈਸੇ ਇਹ ਤਿਉਹਾਰ ਉੱਤਰੀ ਭਾਰਤ ਦੇ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਬਿਹਾਰ ਰਾਜਾਂ ਵਿਚ ਵਿਸ਼ੇਸ਼ ਤੌਰ ਤੇ ਧਾਰਮਿਕ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸਉਣ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਛੋਟੀ ਤੀਜ ਵੀ ਕਿਹਾ ਜਾਂਦਾ ਹੈ ਅਤੇ ਪੂਰਨਮਾਸ਼ੀ ਨੂੰ ਮਨਾਈ ਜਾਂਦੀ ਤੀਜ ਨੂੰ ਵੱਡੀ ਤੀਜ ਮੰਨਿਆਂ ਜਾਂਦਾ ਹੈ। ਪੁਰਾਣੇ ਪੰਜਾਬ ਵਿਚ ਤੀਜੀ ਤਿੱਥ ਤੋਂ ਪੂਰਨਮਾਸ਼ੀ ਤੱਕ ਲਗਾਤਾਰ ਇਹ ਤਿਉਹਾਰ ਮਨਾਇਆ ਜਾਂਦਾ ਰਿਹਾ ਹੈ।ਯਾਨੀ ਛੋਟੀ ਤੀਜ ਤੋਂ ਲੈ ਕੇ ਵੱਡੀ ਤੀਜ ਤਕ ਪੰਜਾਬੀਆਂ ਦਾ ਤਿਉਹਾਰ ਹੈ “ਤੀਜ”। ਸ਼ਾਇਦ ਇਸੇ ਲਈ ਇਸ ਦਾ ਨਾਂ ਬਹੁਵਚਨ ਵਿਚ ਤੀਆਂ ਹੈ।ਵਣਜਾਰਾ ਬੇਦੀ ਲਿਖਦਾ ਹੈ ਕਿ, “ਤੀਹ (ਤੀਜ) ਦਾ ਤਿਉਹਾਰ ਸਾਵਣ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮੰਨਿਆਂ ਜਾਂਦਾ ਹੈ। ਕਈ ਥਾਈਂ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਚੱਲਦਾ ਹੈ। ਇਹ ਨਿਰੋਲ ਪ੍ਰਕ੍ਰਿਤਕ ਤਿਉਹਾਰ ਹੈ ਅਤੇ ਇਸ ਦਿਨ ਕਿਸੇ ਦੇਵੀ ਦੇਵਤਾ ਦੀ ਪੂਜਾ ਨਹੀਂ ਕੀਤੀ ਜਾਂਦੀ....ਪੰਜਾਬ ਵਿਚ ਤੀਹਾਂ ਨਾਲ ਕੋਈ ਧਾਰਮਿਕ ਕਰਮ ਕਾਂਡ ਨਹੀਂ ਜੋੜਿਆ ਗਿਆ।” (ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ-6, ਪੰਨਾ-1503) ਵਣਜਾਰਾ ਬੇਦੀ ਇਹ ਵੀ ਦੱਸਦਾ ਹੈ ਕਿ ਤੀਆਂ ਦੇ ਗਿੱਧੇ ਨੂੰ ਮਾਲਵੇ ਵਿਚ “ਰੂੰ ਪਿੰਜਣਾ” ਵੀ ਕਿਹਾ ਜਾਂਦਾ ਹੈ।

ਤੀਆਂ ਉੱਪਰ ਧੀਆਂ ਨੂੰ ਸੰਧਾਰਾ ਵੀ ਭੇਜਿਆ ਜਾਂਦਾ ਹੈ। ਇਸ ਲਈ ਕਈ ਥਾਈਂ ਇਸ ਤੀਜ ਨੂੰ ‘ਸੰਧਾਰੇ ਦੀ ਤੀਜ’ ਵੀ ਮੰਨਿਆਂ ਜਾਂਦਾ ਹੈ। ਤੀਜ ਤੋਂ ਹਟ ਕੇ ਵਿਚਾਰ ਕਰੀਏ ਤਾਂ ਸਾਰਾ ਸਉਣ ਦਾ ਮਹੀਨਾ ਹੀ ਤਿਉਹਾਰ ਮਨਾਏ ਜਾਂਦੇ ਹਨ। ਹਿੰਦੂ ਮਿਥਿਹਾਸ ਅਨੁਸਾਰ ਸ਼੍ਰਾਵਣ ਨਕਸ਼ੱਤਰ ਵਿਸ਼ਨੂੰ ਦੇ ਜਨਮ ਦਾ ਤਾਰਾ ਹੈ ਜਿਸ ਨੂੰ ਪੂਰਨਮਾਸ਼ੀ ਤੇ ਮਨਾਇਆ ਜਾਂਦਾ ਹੈ। ਭਾਰਤੀ ਮਿਥਿਹਾਸ ਇਹ ਵੀ ਮੰਨਦਾ ਹੈ ਕਿ ਸਮੁੰਦਰ ਮੰਥਨ ਦੀ ਘਟਨਾ ਸਉਣ ਦੇ ਮਹੀਨੇ ਵਿਚ ਹੀ ਹੋਈ ਸੀ। ਇਹ ਮਹੀਨਾ ਸ਼ਿਵ ਨੂੰ ਇਸ ਲਈ ਸਮਰਪਿਤ ਹੈ ਕਿ ਸਮੁੰਦਰ ਮੰਥਨ ਵਿਚੋਂ ਨਿੱਕਲੇ ਚੌਦਾਂ ਰਤਨਾਂ ਵਿਚੋਂ ਇਕ ਜ਼ਹਿਰ ਵੀ ਸੀ ਜਿਸਨੂੰ ਸ਼ਿਵ ਨੇ ਪੀ ਲਿਆ ਸੀ। ਇਸ ਕਾਰਣ ਸ਼ਿਵ ਦਾ ਗਲ਼ਾ ਨੀਲਾ ਹੋ ਗਿਆ ਕਿਉਂਕਿ ਪਾਰਬਤੀ ਨੇ ਉਸ ਜ਼ਹਿਰ ਨੂੰ ਅਗਾਂਹ ਨਾ ਜਾਣ ਦਿੱਤਾ। ਮੰਨਿਆ ਗਿਆ ਹੈ ਕਿ ਹਲਾਹਲ (ਜ਼ਹਿਰ) ਪੀ ਕੇ ਸ਼ਿਵ ਜੀ ਨੇ ਦੁਨੀਆਂ ਨੂੰ ਤਬਾਹ ਹੋਣ ਤੋਂ ਬਚਾ ਲਿਆ। ਸੋਮਵਾਰ ਦਾ ਦਿਨ ਵੀ ਸ਼ਿਵ ਦਾ ਦਿਨ ਮੰਨਿਆਂ ਜਾਂਦਾ ਹੈ। ਇਸੇ ਲਈ ਸਉਣ ਮਹੀਨੇ ਦੇ ਹਰ ਸੋਮਵਾਰ ਸ਼ਿਵ ਜੀ ਦੇ ਵਰਤ ਰੱਖੇ ਜਾਂਦੇ ਹਨ।

ਪੰਜਾਬੀਆਂ ਲਈ ਵਿਸ਼ੇਸ਼ ਤੌਰ ਤੇ ਪੰਜਾਬੀ ਕੁੜੀਆਂ ਲਈ ਇਹ ਖ਼ੁਸ਼ੀ ਮਨਾਉਣ, ਗਿੱਧੇ ਪਾਉਣ, ਨਵੇਂ ਪਹਿਰਾਵੇ ਪਹਿਨਣ ਅਤੇ ਚੰਗੇ ਖਾਣੇ ਖਾਣ ਦਾ ਤਿਉਹਾਰ ਹੈ।ਹੋਰ ਲੋਕ ਇਸ ਮਹੀਨੇ ਘੱਟ ਖਾਂਦੇ ਅਤੇ ਵਰਤ ਰੱਖਦੇ ਹਨ ਪਰ ਪੰਜਾਬੀ ਖ਼ੀਰਾਂ ਪੂੜੇ ਖਾਣ ਨੂੰ ਚੰਗਾ ਮੰਨਦੇ ਹਨ। ਪ੍ਰਕਿਰਤੀ ਨੂੰ ਮਾਨਣ ਦਾ ਪੰਜਾਬੀਆਂ ਦਾ ਆਪਣਾ ਤਰੀਕਾ ਹੈ।

ਭਾਰਤੀ ਅਤੇ ਪੰਜਾਬੀ ਲੋਕ ਸਾਹਿਤ ਅਤੇ ਸਾਹਿਤ ਵਿਚ ਬਾਰਾਂਮਾਹਿਆਂ ਵਿਚ ਜੇ ਕਿਸੇ ਮਹੀਨੇ ਦੀ ਪ੍ਰਕਿਰਤੀ ਨੂੰ ਸਭ ਤੋਂ ਵੱਧ ਮਹੱਤਵ ਮਿਲਿਆ ਹੈ ਤਾਂ ਉਹ ਸਉਣ ਮਹੀਨਾ ਹੀ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦਾ ਬਾਰਾਂਮਾਹ ਤੁਖਾਰੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਸ ਵਿਚ ਬਰਸਾਤ ਦੇ ਮਹੀਨਿਆਂ ਸਉਣ-ਭਾਦੋਂ ਦਾ ਚਿੱਤਰਣ ਵੇਖਣ ਵਾਲਾ ਹੈ।

-ਸਾਵਣ ਸਰਸ ਮਨਾ, ਘਣ ਵਰਸਹਿ ਰੁਤ ਆਏ॥
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ॥
ਪਿਰ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਿਨ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁੱਖ ਮਾਏ॥

-ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰਿ ਭਰੇ, ਬਰਸ ਰੁਤੇ ਰੰਗ ਮਾਣੀ॥
ਬਰਸੈ ਨਿਸ ਕਾਲੀ, ਕਿਉ ਸੁਖ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ, ਭੁਇਅੰਗਮ ਫਿਰਿਹ ਡਸੰਤੇ॥

ਲੋਕ ਬਾਰਾਮਾਹ ਵੀ ਸਉਣ-ਭਾਦੋਂ ਦੇ ਮਹੀਨੇ ਨੂੰ ਰੀਝ ਨਾਲ ਚਿਤ੍ਰਦਾ ਹੈ।ਬਾਰਾਮਾਹ ਸਿਰਜਕਾਂ ਲਈ ਇਹ ਮਹੀਨਾ ਪੀਂਘ ਝੂਟਣ ਦਾ ਮਹੀਨਾ ਹੈ।

-ਸਉਣ ਪੀਂਘਾਂ ਜੋ ਪਈਆਂ, ਸਈਆਂ ਝੂਟਣ ਗਈਆਂ,
ਮੈਂ ਵੀ ਦੁਖ਼ ਵਿਚ ਪਈਆਂ, ਦੁੱਖ਼ੜਾ ਕ੍ਹੇਦੇ ਨਾਲ ਫ਼ੋਲ,
ਬੰਸਰੀ ਵਾਲੇ ਸ਼ਾਮਾ ਜੀ ਵਸੋ, ਅੱਖੀਆਂ ਦੇ ਕੋਲ਼।
-ਚੜ੍ਹਿਆ ਮਹੀਨਾ ਸਉਣ, ਸਈ੍ਹਆਂ ਪੀਂਘਾਂ ਪਾਉਂਦੀਆਂ।
ਜਿਨ੍ਹਾਂ ਦੇ ਘਰ ਨੰਦ ਲਾਲ, ਸਾਰੀਆਂ ਝੂਟਣ ਆਉਂਦੀਆਂ।

-ਸਉਣ ਨਾ ਜਾਇਓ ਸਉਣ ਭਿੱਜਣ ਦੀ ਬਹਾਰ,
ਭਾਦੋਂ ਬਬੀਹੇ ਬਾਗ਼ੀਂ ਬੋਲਦੇ।

ਜਿੱਥੇ ਭਾਰਤੀਆਂ ਲਈ ਸਉਣ ਮਹੀਨਾ ਪਵਿਤ੍ਰ ਹੈ ਉੱਥੇ ਪੰਜਾਬੀਆਂ ਦਾ ਵਿਸ਼ਵਾਸ ਹੈ ਕਿ ਇਸ ਮਹੀਨੇ ਨੂੰਹ ਸੱਸ ਨੂੰ ਇਕ ਦੂਜੇ ਦਾ ਮੂੰਹ ਨਹੀਂ ਦੇਖਣਾ ਚਾਹੀਦਾ, ਇਸ ਲਈ ਨੂੰਹਾਂ ਨੂੰ ਇਕ ਮਹੀਨੇ (ਕਾਲੇ ਮਹੀਨੇ) ਲਈ ਪੇਕੇ ਭੇਜ ਦਿੱਤਾ ਜਾਂਦਾ ਹੈ। ਇਸ ਪਿੱਛੇ ਕੀ ਵਿਸ਼ਵਾਸ ਹੈ? ਇਸ ਸੰਬੰਧੀ ਕਿਸੇ ਕਿਸਮ ਦੀ ਕੋਈ ਦੰਤ ਕਥਾ ਵੀ ਨਹੀਂ ਮਿਲ਼ਦੀ ਤੇ ਨਾ ਕੋਈ ਮਿੱਥ। ਮੈਂ ਐਵੇਂ ਹਵਾ ਵਿਚ ਤਲਵਾਰਾਂ ਨਹੀਂ ਮਾਰਨਾ ਚਾਹੁੰਦਾ, ਇਸ ਲਈ ਇਸ ਸਵਾਲ ਨੂੰ ਅਣ ਸੁਲਝਿਆ ਛੱਡ ਰਿਹਾ ਹਾਂ। ਇਸ ਲਈ ਹੋਰ ਖ਼ੋਜ ਦੀ ਲੋੜ ਹੈ।

ਨੀਲਮ ਸੈਣੀ ਦੀ ਪੁਸਤਕ ਦੇ ਆਰੰਭ ਵਿਚ ਸੁਰਿੰਦਰ ਸਿੰਘ ਧਨੋਆ ਨੇ ਇਕ ਬੜੀ ਮਹੱਤਵਪੂਰਣ ਜਾਣਕਾਰੀ ਸਾਂਝੀ ਕੀਤੀ ਹੈ ਕਿ ਭਰਾ ਜਦੋਂ ਭੈਣ ਦੇ ਘਰ ਸੰਧਾਰਾ ਦੇਣ ਤੁਰਦਾ ਸੀ ਤਾਂ ਉਹ ਪੱਗ ਲਾਹ ਕੇ ਪਰਨਾ ਬੰਨ੍ਹ ਲੈਂਦਾ ਸੀ ਕਿ ਉਹ ਭਰਾ ਲੱਗੇ ਕੁੱਝ ਹੋਰ ਨਾ। ਇਹ ਪੜ੍ਹਦਿਆਂ ਮੈਨੂੰ ਇਕ ਗੀਤ ਵੀ ਯਾਦ ਆ ਰਿਹਾ ਸੀ ਜਿਸ ਵਿਚ ਦਿਉਰ ਭਰਜਾਈ ਨੂੰ ਲੈਣ ਗਿਆ ਰਾਹ ਵਿਚ ਅੱਖਾਂ ਗਹਿਰੀਆਂ ਕਰਦਾ ਹੈ। ਉਹ ਭਰਾ ਦੀ ਜਗ੍ਹਾ ਨਹੀਂ ਲੈ ਸਕਦਾ।

ਜੇ ਭੂ-ਹੇਰਵੇ ਦੀ ਗੱਲ ਕਰੀਏ ਤਾਂ ਹਰੇਕ ਪ੍ਰਾਣੀ ਦੀ ਇਹ ਵਿਸ਼ੇਸ਼ਤਾ ਹੈ; ਇਹ ਕੋਈ ਨਕਾਰਾਤਮਕ ਵਰਤਾਰਾ ਨਹੀਂ। ਪੰਜਾਬੀਆਂ ਲਈ ਵੀ ਇਹ ਮਿਹਣਾ ਨਹੀਂ ਹੈ। ਅਸਲ ਵਿਚ ਇਹ ਉਦਰੇਵਾਂ ਸਮੁੱਚੇ ਸਭਿਆਚਾਰ ਨਾਲੋਂ ਵਿਛੜਨ ਤੋਂ ਪੈਦਾ ਹੋਇਆ ਖ਼ਲਾਅ ਹੈ ਜਿਸਨੂੰ ਮੁੜ ਆਪਣੇ ਸਭਿਆਚਾਰ ਨਾਲ ਜੁੜ ਕੇ ਹੀ ਭਰਿਆ ਜਾ ਸਕਦਾ ਹੈ।

ਨੀਲਮ ਸੈਣੀ ਤੇ ਉਸ ਵਰਗੀਆਂ ਪੰਜਾਬੀ ਸਭਿਆਚਾਰ ਪ੍ਰਤੀ ਲਗਾਉ ਰੱਖਣ ਵਾਲੀਆਂ ਪੰਜਾਬਣਾਂ ਲਈ ਤੀਆਂ ਲਾਉਣਾ ‘ਫ਼ਜ਼ੂਲ’ ਨਹੀਂ।ਪੰਜਾਬੀ ਪਛਾਣ ਅਤੇ ਉਦਰੇਵਾਂ ਦੂਰ ਕਰਨ ਦਾ ਮਾਨਵੀ ਗੁਣ ਹੈ। ਨੀਲਮ ਸੈਣੀ ਕਵਿਤ੍ਰੀ ਵੀ ਹੈ ਪਰ ਜਿੰਨਾ ਹੁੰਗਾਰਾ ਉਸ ਦੀ ਸੰਪਾਦਿਤ ਪੁਸਤਕ ‘ਸਾਡੀਆਂ ਰਸਮਾਂ ਸਾਡੇ ਗੀਤ’ ਨੂੰ ਮਿਲ਼ਿਆ ਹੈ ਉਹ ਬੇਮਿਸਾਲ ਹੈ।

ਇਸ ਤੋਂ ਪ੍ਰੇਰਿਤ ਹੋ ਕੇ ਹੀ ਉਸਦੀ ਇਹ ਪੁਸਤਕ “ਤੀਆਂ ਤੀਜ ਦੀਆਂ” ਸਾਹਮਣੇ ਆ ਰਹੀ ਹੈ। ਉਸ ਵਲੋਂ ਲਿਖੀ ਭੂਮਿਕਾ ਤੋਂ ਵੀ ਉਸਦੀ ਲੋਕ ਗੀਤਾਂ ਨਾਲ ਨੇੜਤਾ ਦੇ ਦਰਸ਼ਨ ਹੁੰਦੇ ਹਨ।

ਕੁੱਝ ਕੱਟੜ ਪੰਜਾਬੀ ਨੀਲਮ ਸੈਣੀ ਨੂੰ ਨਿਰਾਸ਼ਤਾ ਵੱਲ ਧੱਕਣਾ ਵੀ ਚਾਹੁੰਦੇ ਹਨ ਪਰ ਇਹ ਉਸਦੀ ਹਿੰਮਤ ਹੈ ਕਿ ਉਹ ਪੰਜਾਬੀਆਂ ਦੀ ਨਬਜ਼ ਨੂੰ ਪਛਾਣਦੀ ਹੈ ਜੋ ਖ਼ੁਸ਼ੀ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਜਨਮ ਦਿਨ ਮਨਾਉਣ, ਨਵੇਂ ਸਾਲ ਨੂੰ ਜੀ ਆਇਆਂ ਕਹਿਣ ਆਦਿ ਬਾਰੇ ਪਿਛਾਂਹ ਖਿੱਚੂਆਂ ਨੇ ਬਹੁਤ ਕੁੱਝ ਕਿਹਾ ਹੈ ਪਰ ਹੁਣ ਉਹ ਇਹ ਸਾਰੇ ਮੌਕੇ ਧਾਰਮਿਕ ਸਥਾਨਾਂ ਉੱਪਰ ਜਾ ਕੇ ਮਨਾਉਣ ਲੱਗ ਪਏ ਹਨ। ਅੱਗੇ ਵਧਣ ਦੀ ਇਹੀ ਪ੍ਰਕਿਰਿਆ ਹੈ।

ਨੀਲਮ ਸੈਣੀ ਨੇ ਗਿੱਧੇ ਦੀਆ ਬੋਲੀਆ, ਸਉਣ ਦੇ ਗੀਤਾਂ ਦੇ ਨਾ਼ਲ-ਨਾ਼ਲ ਕੁੱਝ ਸੁਆਂਗ ਵੀ ਇੱਕਤਰ ਕੀਤੇ ਹਨ। ਇਨ੍ਹਾਂ ਵਿਚੋਂ ਕੁੱਝ ਪਿਛਲੇ ਦੋ-ਤਿੰਨ ਸਾਲਾਂ ਵਿਚ ਹੀ ਇੱਕਤਰ ਕੀਤੇ ਗਏ ਹਨ। ਇਹ ਆਉਣ ਵਾਲੇ ਸਮੇਂ ਵਿਚ ਦੂਹਰਾ ਨਾ਼ਲ ਪੰਜਾਬੀ ਸਭਿਆਚਾਰ ਦਾ ਹਿੱਸਾ ਵੀ ਬਣ ਸਕਦੇ ਹਨ ਤੇ ਅਲੋਪ ਵੀ ਹੋ ਸਕਦੇ ਹਨ। ਇਸ ਤਰ੍ਹਾਂ ਤੀਆਂ ਨਾਲ ਸੰਬੰਧਿਤ ਲੇਖਕਾਂ ਵਲੋਂ ਲਿਖੇ ਉਚੇਚੇ ਗੀਤਾਂ ਨੂੰ ਵੀ ਮੈਂ ਇਸੇ ਪ੍ਰਸੰਗ ਵਿਚ ਹੀ ਦੇਖਦਾ ਹਾਂ।

ਸੁਆਂਗ ਲੋਕ ਨਾਟਕ ਦਾ ਰੂਪ ਹੈ ਜੋ ਹਰਿਆਣੇ ਵਿਚ ਅੱਜ ਵੀ ਪ੍ਰਚੱਲਿਤ ਹੈ। ਜਿਸ ਵਿਚ ਵਿਚਕਾਰ ਸਟੇਜ ‘ਤੇ ਕਈ ਰਾਤਾਂ ਲੰਮੇ ਨਾਟਕ ਖੇਡੇ ਜਾਂਦੇ ਹਨ। ਸਟੇਜ ਵਿਚਕਾਰ ਹੁੰਦੀ ਹੈ, ਚਾਰੇ ਪਾਸੇ ਦਰਸ਼ਕ ਹੁੰਦੇ ਹਨ। ਰਾਗਣੀਆਂ ਰਾਹੀਂ ਸੰਗੀਤ ਅਤੇ ਵਾਰਤਾਲਾਪ ਸਿਰਜੇ ਜਾਂਦੇ ਹਨ। ਅੱਜ ਵੀ ਇਹ ਲੋਕ ਨਾਟਕ ਦਾ ਰੂਪ ਆਪਣੀ ਹੋਂਦ ਬਣਾਉਣ ਲਈ ਯਤਨਸ਼ੀਲ ਹੈ। ਗਿੱਧੇ ਵਿਚ ਰਚਾਏ ਜਾਂਦੇ ਸੁਆਂਗ ਵੀ ਲਘੂ ਨਾਟਕ ਜਾਂ ਮਿੰਨੀ ਨਾਟਕ ਹੀ ਹਨ ਜਿਨ੍ਹਾਂ ਵਿਚ ਵਿਅੰਗ, ਮਖ਼ੌਲ ਨਾਲ ਕਈ ਵਾਰੀ ਅਸ਼ਲੀਲਤਾ ਵੀ ਆ ਜਾਂਦੀ ਹੈ ਪਰ ਇਹ ਔਰਤਾਂ ਦੀ ਢਾਣੀ ਤੱਕ ਹੀ ਸੀਮਤ ਰਹਿੰਦੀ ਹੈ।ਇਕ ਦੋ ਉਦਾਹਰਣਾਂ ਇਥੇ ਦੇਖੀਆਂ ਜਾ ਸਕਦੀਆਂ ਹਨ :

-ਬੰਤੀ ਕ੍ਹੈਂਦੀ ਬੰਤੇ ਨੂੰ ਤੂੰ ਜਾ ਕੇ ਤਾਂ ਵੇਲਣੇ ਸੌਂ,
ਵੇ ਜੱਟਾ ਵੇਲਣੇ ਜਾ ਕੇ ਸੌਂ, ਵੇ ਜੱਟਾ ਵੇਲਣੇ ਜਾ ਕੇ ਸੌਂ।
ਬੰਤਾ ਮੁੜ ਆਇਆ ਕਹਿੰਦਾ,
ਖੱਟ ਕੇ ਲਿਆਂਦੇ ਬਿੱਛੂ ਨੀ ਜੱਟੀਏ,
ਓਥੇ ਲੜ ਗਏ ਬਿੱਛੂ ਨੀ ਜੱਟੀਏ...

-ਵੱਡਿਆਂ ਨੇ ਵਿਆਹ ਰਚਾਇਆ ਮੈਂ ਮੰਗਣ ਗਈ ਕੁੱਝ ਨਹੀਂ ਦਿੱਤਾ
ਦਿੱਤਾ ਆਹ ਫ਼ੁਲਕਾ
ਆਹ ਫ਼ੁਲਕਾ, ਆਹ ਫ਼ੁਲਕਾ
ਬਈ ਵੱਡਿਆਂ ਘਰਾਂ ਦਾ ਆਹ ਫ਼ੁਲਕਾ..

ਨੀਲਮ ਸੈਣੀ ਦੀ ਹਿੰਮਤ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਲਗਾਤਾਰ ਲੋਕਗੀਤਾਂ ਦੇ ਇੱਕਤਰੀਕਰਣ ਅਤੇ ਇਨ੍ਹਾਂ ਦੀ ਪੇਸ਼ਕਾਰੀ ਵੱਲ ਲੱਗੀ ਹੋਈ ਹੈ। ਇਹ ਸ਼ੌਕ ਪੁਗਾਉਣਾ ਬੜਾ ਔਖਾ ਵੀ ਹੈ ਅਤੇ ਮਹਿੰਗਾ ਵੀ ਤੇ ਨਾ਼ਲ-ਨਾ਼ਲ ਈਰਖ਼ਾਵਾਂ ਦੇ ਜਾ਼ਲ ਵੀ ਸੁੱਟੇ ਜਾ ਰਹੇ ਹਨ ਪਰ ਮੈਨੂੰ ਪੂਰੀ ਉਮੀਦ ਹੈ ਕਿ ਜਿਵੇਂ ਹੁਣ ਤੱਕ ਨੀਲਮ ਸੈਣੀ ਪੱਕੇ ਪੈਰੀਂ ਤੁਰਦੀ ਆਈ ਹੈ ਅਗਾਂਹ ਵੀ ਉਹ ਇਸ ਰਸਤੇ ਤੋਂ ਡੋਲੇਗੀ ਨਹੀਂ। ਮੈਂ “ਤੀਆਂ ਤੀਜ ਦੀਆਂ” ਪੁਸਤਕ ਨੂੰ ਜੀ ਆਇਆਂ ਕਹਿੰਦਾ ਹਾਂ ਤੇ ਇਹ ਮੰਨਦਾ ਹਾਂ ਕਿ ਇਹ ਉਸ ਲਈ ਲੋਕ ਧਾਰਾ ਦੇ ਖੇਤਰ ਵਿਚ ਦੂਸਰਾ ਕਦਮ ਹੈ। ਮੇਰੀਆਂ ਸ਼ੁੱਭ ਇੱਛਾਵਾਂ ਹਮੇਸ਼ਾਂ ਉਸਦੇ ਨਾ਼ਲ ਹਨ।

**-ਨੀਲਮ ਸੈਣੀ**

**Harcourts** Manukau Titanium Real Estate Ltd

# THINKING OF BUYING OR SELLING

## ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

## ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਤਜ਼ਰਬੇਕਾਰ ਸਲਾਹਕਾਰ

**Hardev Brar**
Sales Consultant

**M** 027 442 7338 **P** 09 277 9780
hardev.brar@harcourts.co.nz
www.manukau.harcourts.co.nz

12 Osterley Way, Manukau, Auckland 2104
PO Box 23-572, Manukau



# ਕਲਕੀ ਅਵਤਾਰ



ਦੋਸਤੋ ਮੈਨੂੰ ਉਪਰੋਕਤ ਵਿਸ਼ਾ , ਲੈਣ ਲਈ ਕੁਝ ਬਹੁਤ ਹੀ ਨਜ਼ਦੀਕੀ ਤਜਰਬਿਆਂ ਨੇ ਮਜਬੂਰ ਕੀਤਾ ਤੇ ਇਸਨੂੰ ਆਪ



ਸਭ ਸਾਹਮਣੇ ਲਿਆਉਣ ਲਈ ਮਜਬੂਰ ਹੋਣਾ ਪਿਆ। ਇਹ ਇੱਕ ਸੱਚੀ ਘਟਨਾ ਹੈ , ਕੋਈ ਬਣਾਇਆ ਹੋਇਆ ਵਿਸ਼ਾ ਨਹੀਂ। ਅਸਲ ਵਿੱਚ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਮੇਰਾ ਅੰਦਰਾ ਲੀਰੋ ਲੀਰ ਹੋ ਗਿਆ ਤੇ ਮੈਂ ਕਈ ਰਾਤਾਂ ਤੱਕ ਸੌਂ ਨਹੀਂ ਸਕੀ । ਵੈਸੇ ਆਪਣੇ ਬਾਠ ਵਰਿਆਂ ਦੇ ਜੀਵਨ ਵਿੱਚ ਬਹੁਤ ਸਾਰੀਆਂ ਅਣਹੋਣੀਆਂ ਦੇਖਣ ਨੂੰ ਮਜਬੂਰ ਹੋਣਾ ਪਿਆ , ਪਰ ਜੋ ਜ਼ਖ਼ਮ ਦੇਣ ਵਾਲੀ ਇਹ ਘਟਨਾ ਸੀ ਉਹ ਸੋਚਕੇ ਕਿਸੇ ਤਗੜੇ ਦਿੱਲੋ ਦਿਮਾਗ ਰੱਖਣ ਵਾਲੇ ਦਾ ਦਿਮਾਗ ਵੀ ਚਕਰਾ ਸਕਦਾ ਹੈ ।

ਘਟਨਾ ਕੁਝ ਹੀ ਦਿਨ ਪੁਰਾਣੀ ਹੈ । ਨਾਲ ਹੀ ਕਹਿਣਾ ਚਾਹੁੰਦੀ ਹਾਂ ਕਿ ਕਲਯੁਗ ਦਾ ਇੱਕ ਅਸਲੀ ਸ਼ੀਸ਼ਾ ਦਿਖਾਉਂਦੀ ਇਹ ਘਟਨਾ , ਯਕੀਨ ਤੋਂ ਪਰੇ ਹੈ । ਸਿਰਫ ਉਮਰ ਦਰਾਜ਼ ਤੇ ਅੱਖੀਂ ਵੇਖਣ ਜਾਂ ਕੰਨੀ ਸੁਨਣ ਵਾਲਿਆਂ ਤੋਂ ਇਲਾਵਾ ਸ਼ਾਇਦ ਹੀ ਕੋਈ ਇਤਬਾਰ ਕਰੇ । ਤਿੰਨ ਕੁ ਸਾਲ ਪਹਿਲਾਂ ਦੀ ਗੱਲ ਹੈ, ਮੇਰੀ ਇੱਕ ਖਾਸ ਦੋਸਤ ਨੇ ਆਪਣੇ ਲੜਕੇ ਦਾ ਵਿਆਹ ਬੜੇ ਹੀ ਚਾਵਾਂ ਨਾਲ , ਜਿਵੇਂ ਕਿ ਸਾਰੇ ਕਰਦੇ ਹਨ , ਕੀਤਾ । ਕਰੋਨਾ ਦੀਆਂ ਪਾਬੰਦੀਆਂ ਕਾਰਨ , ਪਰਿਵਾਰਾਂ ਦਾ ਇਧਰ ਉਧਰ ਆਉਣਾ ਜਾਣਾ ਔਖਾ ਸੀ। ਇਸ ਲਈ ਵਿਆਹ ਦਾ ਸਾਰਾ ਖਰਚਾ ਵੀ ਆਪ ਹੀ ਕੀਤਾ । ਮੇਰੀ ਸਹੇਲੀ ਦੀ ਅੱਡੀ ਭੋਇ ਨਾ ਲੱਗੇ ।ਕਿਉਂ ਜੋ ਹੁਣ ਉਸਨੂੰ ਵੀ ਘਰ ਦੀਆਂ ਰੌਣਕਾਂ ਵਾਲਾ ਸਵਰਗ ਹੰਡਾਂਉਣ ਦਾ ਮੌਕਾ ਮਿਲਣ ਵਾਲਾ ਸੀ । ਉਸਨੂੰ ਨਹੀਂ ਪਤਾ ਸੀ ਕਿ ਤਿਣਕਾ ਤਿਣਕਾ ਜੋੜ ਬਣਾਇਆ ਆਲਣੇ ਨੂੰ ਵਾਵਰੋਲਾ ਪਹਿਲਾਂ ਹੀ ਟਿਕਟਿਕੀ ਲਾਈ ਬੈਠਾ ਹੈ। ਖੈਰ ਸ਼ਾਦੀ ਤੋਂ ਬਾਅਦ, ਜੋੜੀ ਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਈ। ਪਰ ਮਾਂ ਪੁੱਤ ਨੂੰ ਕੀ ਪਤਾ ਸੀ,ਉਨਾਂ ਦੇ ਸਜਦੇ ਬਾਗ਼ ਨੂੰ ਬਹੁਤ ਹੀ ਛੇਤੀ ਸੁੰਡੀ ਪੈਣ ਵਾਲੀ ਹੈ। ਹੋਇਆ,ਉਹੀ ,ਜਿਸਦੀ ਕਦੇ ਕਿ ਆਸ ਵੀ ਨਹੀਂ ਕੀਤੀ ਜਾ ਸਕਦੀ ਸੀ ।

ਬੱਚਾ ਅਜੇ ਕੁਝ ਕੁ ਮਹੀਨਿਆਂ ਦਾ ਹੀ ਸੀ ਕਿ, ਨੂੰਹ ਉਸਨੂੰ ਲੈ ਕੇ ਭੱਜ ਗਈ। ਇਨਾਂ ਹੀ ਨਹੀਂ, ਪਤੀ ਤੇ ਸੱਸ ਦੀ, ਪੁਲਿਸ ਬੁਲਾ ਬੁਲਾ ਕਿ ਅੰਤਾਂ ਦੀ ਬੇਇਜਤੀ ਤੇ ਦੁਰਗਤੀ ਤਾਂ ਕੀਤੀ,ਹੀ ਉਤੋਂ 2,3 ਕੇਸ ਵੀ ਠੋਕ ਦਿੱਤੇ । ਉਨਾਂ ਉਤੇ ਬੈਠੇ ਬਿਠਾਏ ਮੁਸੀਬਤਾਂ ਦਾ ਪਹਾੜ ਆ ਡਿੱਗ ਪਿਆ। ਪਰਿਵਾਰ ਪੂਰੀ ਤਰਾਂ ਉੱਜੜ ਗਿਆ ।

ਡੇਢ ਦੋ ਸਾਲ ਦੇ ਘੋਰ ਸੰਘਰਸ਼ ਤੋਂ ਬਾਅਦ ਕੇਸ ,ਸੱਚ ਦੇ ਪੱਖ ਵਿੱਚ ਨਿਤਰਿਆ। ਪਰ ਇੱਕ ਸੱਟ ਲੱਗੀ ਸੱਪਣੀ ਕਿੱਥੇ ਟਿਕਣ ਵਾਲੀ ਸੀ । ਉਸਦੇ ਭੋਥੇ ਵਿੱਚ ਹਰ ਤਰਾਂ ਦੇ ਤੀਰ ਸਨ, ਉਹ ਵੀ ਜਿਹੜੇ ਮਾਂ ਪੁੱਤ ਨੇ ਕਦੇ ਕਿ ਆਸੇ ਵੀ ਨਹੀਂ ਸਨ ਕਿ ਸਾਨੂੰ ਨੀਵਾਂ ਦਿਖਾਉਣ ਲਈ ਇਹ, ਇਨਾਂ ਘਿਨਾਉਣਾ ਕੁ ਕਰਮ ਵੀ ਕਰ ਸਕਦੀ ਹੈ। ਇਸ ਤੋਂ ਪਹਿਲਾਂ ਉਸਨੇ ਬੜੇ ਤਿਕੜਮ ਲੜਾਏ ,ਕਿ ਉਹ ਟੁੱਟ ਜਾਣ ਤੇ ਮੇਰਾ ਮੂੰਹ ਡਾਲਰਾਂ ਨਾਲ ਭਰ ਦੇਣ ,ਪਰ ਮਾਂ ਪੁੱਤ ਦੋਵੇਂ ਅਡੋਲ ਤੇ ਅਡਿੱਗ ਰਹੇ। ਹੁਣ ਇਸ ਇਖਲਾਕ ਤੋਂ ਡਿੱਗੀ ਹੋਈ ਨੇ, ਦੋ ਸਾਲ ਦੇ ਬੱਚੇ ਨੂੰ ਨਿਸ਼ਾਨਾ ਬਣਾਇਆ ਤੇ ਉਸ ਨੂੰ ਉਹ ਚੇਟਕ ਲਾਉਣ ਲੱਗੀ, ਜੋ ਮਾਂ - ਪੁੱਤ ਦੇ ਰਿਸ਼ਤੇ ਨੂੰ ਪੂਰੀ ਤਰਾਂ ਮਲੀਨ ਕਰ ਸੁੱਟਦਾ ਹੈ। ਇਸ ਤੋਂ ਵੀ ਵੱਧ ਜਦੋਂ ਬੱਚਾ ਅਜਿਹੀ ਗੰਦਗੀ ਤੋਂ ਬਿਲਕੁਲ ਹੀ ਅਣਭੋਲ ਤੇ ਅਭਿੱਜ ਹੋਵੇ। ਜਿਹੜਾ ਕੋਮਲ ਫੁੱਲ ਵਾਂਗੂ ਮਹਿਕ ਛੱਡਣਾ ਜਾਂ ਨਿਰਛਲ ਜਲ ਦੀ ਤਰਾਂ ਪਵਿੱਤਰ ਹੋਵੇ । ਇੱਕ ਦਿਨ ਦਾਦੀ ਨੇ ਇਹ ਸਾਰਾ ਕੁਝ ਆਪਣੀ ਅੱਖੀਂ ਦੇਖਿਆ ਤੇ ਹੰਡੀਂ ਹੰਢਾਇਆ। ਇਹ ਸਭ ਕੁੱਝ ਦੇਖ ਕੇ ਉਸਦਾ ਅੰਦਰਾਂ ਬੁਰੀ ਤਰਾਂ ਚੀਰਿਆ ਗਿਆ ਤੇ ਲਹੂ ਲੁਹਾਣ ਹੋ ਗਿਆ । ਫੁੱਲ ਭਰ ਦੇ ਇਸ ਬੱਚੇ ਨੂੰ ਜੋ ਉਸਦੀ ਮਾਂ , ਆਪਣੇ ਅਨੰਦ ਲਈ ਸਿਖਾ ਰਹੀ ਸੀ ਉਹ ਕਿਸੇ ਨਰਕ ਨਾਲੋਂ ਘੱਟ ਨਹੀਂ ਸੀ। ਇਸ ਪਾਪ ਦਾ ਉਹ ਉਪਰ ਵਾਲਾ ਹਰ ਹਾਲਤ ਵਿੱਚ ਦੇਵੇਗਾ। ਇਹੀ ਕਲਜੁਗ ਦਾ ਆਇਨਾ ਹੈ।



ਨਰੇਸ਼ ਕੁਮਾਰੀ ਸ਼ਰਮਾ
+02041755894



ਕੁਲਵਿੰਦਰ ਸਿੰਘ ਝੱਮਟ QSM ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਨੂੰ ਬਸੰਤ ਪੰਚਮੀਂ ਦੀਆਂ ਬਹੁਤ-ਬਹੁਤ ਮੁਬਾਰਕਾਂ।

Kulwinder Singh JHAMAT QSM
Pokeno Jandu Singh Wala



ਹਰਦੇਵ ਬਰਾੜ ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਅਤੇ ਪੂਰੇ ਨਗਰ ਨਿਵਾਸੀਆਂ ਨੂੰ ਬਸੰਤ ਪੰਚਮੀਂ ਦੀਆਂ ਬਹੁਤ-ਬਹੁਤ ਮੁਬਾਰਕਾਂ।

# ਸ਼ਾਰਦੁਲ ਠਾਕੁਰ ਨੇ ਰਚਿਆ ਇਤਿਹਾਸ, ਬਣਾਇਆ ਇਹ ਵੱਡਾ ਰਿਕਾਰਡ



ਮੁੰਬਈ : ਭਾਰਤੀ ਤੇਜ਼ ਗੇਂਦਬਾਜ਼ ਸ਼ਾਰਦੁਲ ਠਾਕੁਰ ਨੇ ਵੀਰਵਾਰ ਨੂੰ ਇੱਥੇ ਸ਼ਰਦ ਪਵਾਰ ਕ੍ਰਿਕਟ ਅਕੈਡਮੀ ਵਿੱਚ ਮੇਘਾਲਿਆ ਵਿਰੁੱਧ ਰਣਜੀ ਟਰਾਫੀ ਮੈਚ ਵਿੱਚ ਮੁੰਬਈ ਲਈ ਹੈਟ੍ਰਿਕ ਲੈ ਕੇ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਮ ਦਰਜ ਕਰਵਾ ਲਿਆ। ਮੇਘਾਲਿਆ ਵਿਰੁੱਧ ਪਹਿਲਾਂ ਗੇਂਦਬਾਜ਼ੀ ਕਰਨ ਤੋਂ ਬਾਅਦ ਮੁੰਬਈ ਲਈ ਗੇਂਦਬਾਜ਼ੀ ਦੀ ਸ਼ੁਰੂਆਤ ਕਰਦੇ ਹੋਏ, ਠਾਕੁਰ ਨੇ ਤੀਜੇ ਓਵਰ ਵਿੱਚ ਅਨਿਰੁੱਧ ਬੀ, ਸੁਮਿਤ ਕੁਮਾਰ ਅਤੇ ਜਸਕੀਰਤ ਨੂੰ ਆਊਟ ਕੀਤਾ ਅਤੇ ਫਿਰ ਪਾਰੀ ਦੀ ਚੌਥੀ ਗੇਂਦ 'ਤੇ ਨਿਸ਼ਾਂਤ ਚੱਕਰਵਰਤੀ ਨੂੰ ਆਊਟ ਕੀਤਾ। ਉਹ 2024/25 ਰਣਜੀ ਟਰਾਫੀ ਸੀਜ਼ਨ ਵਿੱਚ ਪੁਡੂਚੇਰੀ ਖ਼ਿਲਾਫ਼ ਹਿਮਾਚਲ ਪ੍ਰਦੇਸ਼ ਦੇ ਰਿਸ਼ੀ ਧਵਨ ਤੋਂ ਬਾਅਦ ਹੈਟ੍ਰਿਕ ਲੈਣ ਵਾਲਾ ਦੂਜਾ ਗੇਂਦਬਾਜ਼ ਬਣ ਗਿਆ।

33 ਸਾਲਾ ਇਹ ਗੇਂਦਬਾਜ਼ ਰਣਜੀ ਟਰਾਫੀ ਦੇ ਇਤਿਹਾਸ ਵਿੱਚ ਹੈਟ੍ਰਿਕ ਲੈਣ ਵਾਲਾ ਮੁੰਬਈ ਦਾ ਪੰਜਵਾਂ ਗੇਂਦਬਾਜ਼ ਬਣ ਗਿਆ। ਬਾਕੀ ਚਾਰ ਗੇਂਦਬਾਜ਼ ਜਹਾਂਗੀਰ ਬਹਿਰਾਮਜੀ ਖੋਟ (ਬੰਬਈ) ਬਨਾਮ ਬੜੌਦਾ 1943/44, ਉਮੇਸ਼ ਨਾਰਾਇਣ ਕੁਲਕਰਨੀ (ਬੰਬਈ) ਬਨਾਮ ਗੁਜਰਾਤ 1963/64, ਅਬਦੁਲ ਮੁਸਾਭੋਏ ਇਸਮਾਈਲ (ਬੰਬਈ) ਬਨਾਮ ਸੌਰਾਸ਼ਟਰ 1973/74 ਅਤੇ ਰੋਇਸਟਨ ਹੈਰੋਲਡ ਡਾਇਸ (ਮੁੰਬਈ) ਬਨਾਮ ਬਿਹਾਰ 2023/24 ਸੀਜ਼ਨ ਸ਼ਾਮਲ ਹੈ।

ਇਸ ਸੀਜ਼ਨ ਵਿੱਚ ਹੁਣ ਤੱਕ ਸੱਤ ਮੈਚਾਂ ਵਿੱਚ, ਠਾਕੁਰ ਨੇ 20 ਵਿਕਟਾਂ ਲਈਆਂ ਹਨ ਅਤੇ ਇੱਕ ਸੈਂਕੜਾ ਅਤੇ ਦੋ ਅਰਧ ਸੈਂਕੜਿਆਂ ਦੀ ਮਦਦ ਨਾਲ 297 ਦੌੜਾਂ ਬਣਾਈਆਂ ਹਨ। ਠਾਕੁਰ ਦੇ 14 ਦੌੜਾਂ ਦੇ ਕੇ 4 ਵਿਕਟਾਂ ਤੋਂ ਇਲਾਵਾ, ਮੋਹਿਤ ਅਵਸਥੀ ਨੇ ਦੋ ਵਿਕਟਾਂ ਲਈਆਂ ਜਿਸ ਨਾਲ ਮੁੰਬਈ ਨੇ ਮੇਘਾਲਿਆ ਨੂੰ 12 ਓਵਰਾਂ ਵਿੱਚ 29 ਵਿਕਟਾਂ 'ਤੇ 6 ਦੌੜਾਂ 'ਤੇ ਰੋਕ ਦਿੱਤਾ। ਗਰੁੱਪ ਏ ਵਿੱਚ ਤੀਜੇ ਸਥਾਨ 'ਤੇ ਰਹੀ ਮੁੰਬਈ ਨੂੰ ਬੋਨਸ ਅੰਕ ਹਾਸਲ ਕਰਨ ਲਈ ਮੌਜੂਦਾ ਮੈਚ ਇੱਕ ਪਾਰੀ ਜਾਂ 10 ਵਿਕਟਾਂ ਨਾਲ ਜਿੱਤਣ ਦੀ ਲੋੜ ਹੈ।

ਇਸ ਨਾਲ ਉਹ ਜੰਮੂ ਅਤੇ ਕਸ਼ਮੀਰ (29 ਅੰਕ) ਦੇ ਬਰਾਬਰ ਹੋ ਜਾਣਗੇ ਅਤੇ ਬੜੌਦਾ (27 ਅੰਕ) ਦੂਜੇ ਸਥਾਨ 'ਤੇ ਰਹੇਗਾ। ਮੁੰਬਈ ਨੂੰ ਉਮੀਦ ਹੈ ਕਿ ਜੰਮੂ-ਕਸ਼ਮੀਰ ਜਾਂ ਬੜੌਦਾ ਵਡੋਦਰਾ ਵਿੱਚ ਆਪਣੇ ਆਖਰੀ ਦੌਰ ਦੇ ਮੈਚ ਤੋਂ ਇੱਕ ਤੋਂ ਵੱਧ ਅੰਕ ਪ੍ਰਾਪਤ ਕਰਨ ਵਿੱਚ ਕਾਮਯਾਬ ਨਾ ਹੋਣ।

# ਮਹਾਕੁੰਭ ਪਹੁੰਚੇ ਰੈਸਲਰ 'ਦਿ ਗ੍ਰੇਟ ਖਲੀ', ਲਗਾਈ ਆਸਥਾ ਦੀ ਡੁੱਬਕੀ






WWE ਰੈਸਲਰ ਦਲੀਪ ਸਿੰਘ ਉਰਫ਼ ਖਲੀ ਪ੍ਰਯਾਗਰਾਜ ਪਹੁੰਚੇ। ਇਸ ਤੋਂ ਬਾਅਦ ਉਨ੍ਹਾਂ ਨੇ ਮਹਾਂਕੁੰਭ ਵਿੱਚ ਡੁਬਕੀ ਲਗਾਈ। ਭਾਰਤੀ ਰੈਸਲਰ ਨੇ ਕਿਹਾ ਕਿ ਮੈਨੂੰ ਬਹੁਤ ਚੰਗਾ ਲੱਗ ਰਿਹਾ ਹੈ, ਮੈਂ ਇੱਥੇ ਪਹਿਲੀ ਵਾਰ ਆਇਆ ਹਾਂ। ਯੋਗੀ ਜੀ ਦੁਆਰਾ ਕੀਤੇ ਗਏ ਪ੍ਰਬੰਧ ਸ਼ਲਾਘਾਯੋਗ ਹਨ ਅਤੇ ਮਹਾਂਕੁੰਭ ਵਿੱਚ ਇੱਥੇ ਇਕੱਠੀ ਹੋਈ ਭੀੜ ਪੂਰੀ ਦੁਨੀਆ ਲਈ ਇੱਕ ਇਤਿਹਾਸ ਹੈ। ਹਾਲਾਂਕਿ ਜਦੋਂ ਖਲੀ ਪ੍ਰਯਾਗਰਾਜ ਵਿੱਚ ਸੰਗਮ ਦੇ ਕੰਢੇ ਬੈਠੇ ਸਨ ਤਾਂ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੇ ਕੋਲ ਆ ਗਏ। ਇਸ ਦੌਰਾਨ ਲੋਕਾਂ ਵਿੱਚ ਉਨ੍ਹਾਂ ਨਾਲ ਤਸਵੀਰਾਂ ਖਿੱਚਣ ਅਤੇ ਵੀਡੀਓ ਬਣਾਉਣ ਦੀ ਭੀੜ ਲੱਗੀ ਹੋਈ ਸੀ। ਇਸ ਤੋਂ ਬਾਅਦ ਖਲੀ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ ਤੋਂ ਇੱਕ ਵੀਡੀਓ ਸ਼ੇਅਰ ਕੀਤੀ ਹੈ ਜੋ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਖਲੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉਪਭੋਗਤਾ ਲਗਾਤਾਰ ਟਿੱਪਣੀਆਂ ਕਰਕੇ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਦਰਅਸਲ ਯੂਜ਼ਰਸ ਇਸ ਪੋਸਟ 'ਤੇ ਲਗਾਤਾਰ ਮਜ਼ਾਕੀਆ ਟਿੱਪਣੀਆਂ ਕਰ ਰਹੇ ਹਨ, ਇਨ੍ਹਾਂ ਟਿੱਪਣੀਆਂ ਨੂੰ ਪੜ੍ਹ ਕੇ ਤੁਸੀਂ ਆਪਣਾ ਹਾਸਾ ਨਹੀਂ ਰੋਕ ਸਕੋਗੇ। ਵਿਵੇਕ ਪਠਾਨੀਆ ਨਾਮ ਦੇ ਇੱਕ ਯੂਜ਼ਰ ਨੇ ਟਿੱਪਣੀ ਕੀਤੀ ਅਤੇ ਲਿਖਿਆ - ਸਰ ਇੱਕ ਡੁਬਕੀ ਲਗਾਓ ਅਤੇ ਸਾਰਾ ਪਾਣੀ ਪੀ ਜਾਓ। ਉਸੇ ਸਮੇਂ ਕਿਸੇ ਨੇ ਉਸਨੂੰ ਇਹ ਕਹਿ ਕੇ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ ਕਿ ਰਜ਼ੀਆ ਗੁੰਡਿਆਂ 'ਚ ਫਸ ਗਈ ਹੈ। ਹਾਲਾਂਕਿ ਹੁਣ ਤੱਕ 2 ਘੰਟਿਆਂ ਵਿੱਚ 8 ਲੱਖ ਤੋਂ ਵੱਧ ਲੋਕ ਇਸਨੂੰ ਦੇਖ ਚੁੱਕੇ ਹਨ। ਤੁਹਾਨੂੰ ਦੱਸ ਦੇਈਏ ਕਿ ਬੁੱਧਵਾਰ ਨੂੰ WWE ਰੈਸਲਰ ਦਲੀਪ ਸਿੰਘ ਉਰਫ਼ ਖਲੀ ਪ੍ਰਯਾਗਰਾਜ ਪਹੁੰਚੇ ਅਤੇ ਮਹਾਂਕੁੰਭ ਵਿੱਚ ਡੁਬਕੀ ਲਗਾਈ। ਇਸ ਤੋਂ ਬਾਅਦ ਉਨ੍ਹਾਂ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦਾ ਧੰਨਵਾਦ ਕੀਤਾ। ਖਲੀ ਨੇ ਕਿਹਾ ਕਿ ਮੈਨੂੰ ਬਹੁਤ ਚੰਗਾ ਲੱਗ ਰਿਹਾ ਹੈ, ਮੈਂ ਇੱਥੇ ਪਹਿਲੀ ਵਾਰ ਆਇਆ ਹਾਂ। ਯੋਗੀ ਜੀ ਦੁਆਰਾ ਕੀਤੇ ਗਏ ਪ੍ਰਬੰਧ ਸ਼ਲਾਘਾਯੋਗ ਹਨ ਅਤੇ ਮਹਾਂਕੁੰਭ ਵਿੱਚ ਇੱਥੇ ਇਕੱਠੀ ਹੋਈ ਭੀੜ ਪੂਰੀ ਦੁਨੀਆ ਲਈ ਇੱਕ ਇਤਿਹਾਸ ਹੈ।


CHEAP CLEANING



Cheap Lawn Mowing
Gardening
House Cleaning

For Free quote call
0204915760


# ਸੁਰੱਖਿਆ ਘੇਰਾ ਤੋੜ ਕੇ ਵਿਰਾਟ ਕੋਹਲੀ ਨੂੰ ਮਿਲਣ ਪਹੁੰਚਿਆ ਪ੍ਰਸ਼ੰਸਕ




ਵਿਰਾਟ ਕੋਹਲੀ ਦੀ ਇੱਕ ਝਲਕ ਪਾਉਣ ਲਈ ਪ੍ਰਸ਼ੰਸਕ ਅਰੁਣ ਜੇਤਲੀ ਸਟੇਡੀਅਮ ਵਿੱਚ ਇਕੱਠੇ ਹੋਏ। ਦਿੱਲੀ ਅਤੇ ਰੇਲਵੇ ਵਿਚਾਲੇ ਰਣਜੀ ਟਰਾਫੀ 2024-25 ਦਾ ਮੈਚ ਅਰੁਣ ਜੇਤਲੀ ਸਟੇਡੀਅਮ ਵਿੱਚ ਖੇਡਿਆ ਜਾ ਰਿਹਾ ਹੈ। ਵਿਰਾਟ ਕੋਹਲੀ ਮੈਚ ਵਿੱਚ ਦਿੱਲੀ ਟੀਮ ਦਾ ਹਿੱਸਾ ਹਨ। ਇਹ ਮੁਕਾਬਲਾ 30 ਜਨਵਰੀ ਨੂੰ ਸ਼ੁਰੂ ਹੋਇਆ ਸੀ। ਮੈਚ ਵਿੱਚ ਵਿਰਾਟ ਕੋਹਲੀ ਨੂੰ ਦੇਖਣ ਲਈ ਪ੍ਰਸ਼ੰਸਕ ਸਟੈਂਡ ਵਿੱਚ ਮੌਜੂਦ ਸਨ, ਤਾਂ ਇੱਕ ਪ੍ਰਸ਼ੰਸਕ ਸੁਰੱਖਿਆ ਘੇਰਾ ਤੋੜ ਕੇ ਮੈਚ ਦੇ ਵਿਚਕਾਰ ਉਸਨੂੰ ਮਿਲਣ ਲਈ ਮੈਦਾਨ ਵਿੱਚ ਚਲਾ ਗਿਆ।

ਮੈਚ ਦੌਰਾਨ ਇੱਕ ਪ੍ਰਸ਼ੰਸਕ ਦੇ ਮੈਦਾਨ ਵਿੱਚ ਦਾਖਲ ਹੋਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਇੱਕ ਪ੍ਰਸ਼ੰਸਕ ਸਟੈਂਡ ਤੋਂ ਬਾਹਰ ਆਉਂਦਾ ਹੈ ਅਤੇ ਸਿੱਧਾ ਕਿੰਗ ਕੋਹਲੀ ਵੱਲ ਭੱਜਦਾ ਹੈ। ਇਸ ਸਮੇਂ ਦੌਰਾਨ ਕੋਹਲੀ ਸਲਿੱਪਾਂ ਵਿੱਚ ਫੀਲਡਿੰਗ ਕਰ ਰਿਹਾ ਹੈ। ਜਿਵੇਂ ਹੀ ਪ੍ਰਸ਼ੰਸਕ ਆਉਂਦਾ ਹੈ, ਉਹ ਕੋਹਲੀ ਦੇ ਪੈਰ ਛੂਹ ਲੈਂਦਾ ਹੈ।

ਇਸ ਤੋਂ ਤੁਰੰਤ ਬਾਅਦ ਸੁਰੱਖਿਆ ਗਾਰਡ ਮੈਦਾਨ ਵਿੱਚ ਪਹੁੰਚ ਜਾਂਦੇ ਹਨ ਅਤੇ ਪ੍ਰਸ਼ੰਸਕ ਨੂੰ ਫੜ ਕੇ ਸਟੇਡੀਅਮ ਤੋਂ ਬਾਹਰ ਲੈ ਜਾਂਦੇ ਹਨ।

ਇਸ ਦੌਰਾਨ ਮੁਕਾਬਲਾ ਕੁਝ ਸਮੇਂ ਲਈ ਰੁਕ ਜਾਂਦਾ ਹੈ। ਫਿਰ ਸੁਰੱਖਿਆ ਕਰਮਚਾਰੀਆਂ ਵੱਲੋਂ ਪ੍ਰਸ਼ੰਸਕ ਨੂੰ ਬਾਹਰ ਕੱਢਣ ਤੋਂ ਬਾਅਦ ਮੈਚ ਦੁਬਾਰਾ ਸ਼ੁਰੂ ਹੁੰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਮੈਚ ਵਿੱਚ ਦਿੱਲੀ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ।

ਤੁਹਾਨੂੰ ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੋਈ ਪ੍ਰਸ਼ੰਸਕ ਮੈਚ ਦੇ ਵਿਚਕਾਰ ਵਿਰਾਟ ਕੋਹਲੀ ਜਾਂ ਉਸਦੇ ਪਸੰਦੀਦਾ ਕ੍ਰਿਕਟਰਾਂ ਨੂੰ ਮਿਲਣ ਲਈ ਮੈਦਾਨ ਵਿੱਚ ਆਇਆ ਹੋਵੇ, ਪਰ ਅਜਿਹੇ ਦ੍ਰਿਸ਼ ਅਕਸਰ ਦੇਖੇ ਜਾਂਦੇ ਹਨ। ਆਈਪੀਐੱਲ ਵਿੱਚ ਅਜਿਹੇ ਦ੍ਰਿਸ਼ ਕਈ ਵਾਰ ਦੇਖੇ ਗਏ ਹਨ, ਜਦੋਂ ਪ੍ਰਸ਼ੰਸਕ ਸੁਰੱਖਿਆ ਘੇਰਾ ਤੋੜ ਕੇ ਵਿਰਾਟ ਕੋਹਲੀ ਨੂੰ ਮਿਲਣ ਆਏ ਹਨ।

ਜ਼ਿਕਰਯੋਗ ਹੈ ਕਿ ਵਿਰਾਟ ਕੋਹਲੀ 12 ਸਾਲਾਂ ਤੋਂ ਵੱਧ ਸਮੇਂ ਬਾਅਦ ਰਣਜੀ ਟਰਾਫੀ ਵਿੱਚ ਵਾਪਸੀ ਕੀਤੀ ਹੈ। ਇਸ ਤੋਂ ਪਹਿਲਾਂ, ਕੋਹਲੀ ਨੇ ਟੂਰਨਾਮੈਂਟ ਦਾ ਆਖਰੀ ਮੈਚ ਨਵੰਬਰ 2012 ਵਿੱਚ ਖੇਡਿਆ ਸੀ। ਹੁਣ ਪ੍ਰਸ਼ੰਸਕ ਰੇਲਵੇ ਖਿਲਾਫ ਮੈਚ ਵਿੱਚ ਕੋਹਲੀ ਦੀ ਬੱਲੇਬਾਜ਼ੀ ਦੇਖਣ ਲਈ ਬਹੁਤ ਉਤਸ਼ਾਹਿਤ ਦਿਖਾਈ ਦੇ ਰਹੇ ਹਨ।

# ਮਰਹੂਮ ਸਿੱਧੂ ਮੂਸੇਵਾਲਾ ਦੇ ਮੈਨੇਜਰ ਨੇ ਚੁੱਪ ਚਪੀਤੇ ਕਰ 'ਤਾ ਵੱਡਾ ਕਾਂਡ



ਕੁਝ ਸਾਲ ਪਹਿਲਾਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਨਾ ਸਿਰਫ਼ ਪੰਜਾਬ ਸਗੋਂ ਪੂਰੇ ਦੇਸ਼ ਦੀ ਰਾਜਨੀਤੀ ਗਰਮਾ ਗਈ ਸੀ। ਹੁਣ ਜਾਣਕਾਰੀ ਸਾਹਮਣੇ ਆ ਰਹੀ ਹੈ ਕਿ ਸਿੱਧੂ ਮੂਸੇਵਾਲਾ ਦਾ ਕਥਿਤ ਮੈਨੇਜਰ ਸ਼ਗਨਪ੍ਰੀਤ ਸਿੰਘ ਵੀ ਘੱਟ ਚਲਾਕ ਨਹੀਂ ਹੈ। ਉਸ ਨੇ ਅਜਿਹਾ ਅਪਰਾਧ ਕੀਤਾ ਹੈ, ਜਿਸ ਤੋਂ ਬਾਅਦ ਮੋਹਾਲੀ ਅਦਾਲਤ ਵੀ ਹੈਰਾਨ ਹੈ। ਸ਼ਗਨਪ੍ਰੀਤ ਸਿੰਘ ਇਸ ਸਮੇਂ ਆਸਟ੍ਰੇਲੀਆ 'ਚ ਹੈ। ਅਦਾਲਤ ਨੇ ਉਸ ਨੂੰ ਭਾਰਤ ਲਿਆਉਣ ਦੇ ਹੁਕਮ ਜਾਰੀ ਕੀਤੇ ਹਨ।

ਖ਼ਬਰਾਂ ਅਨੁਸਾਰ, ਸਿੱਧੂ ਮੂਸੇਵਾਲਾ ਦੇ ਮੈਨੇਜਰ ਸ਼ਗਨਪ੍ਰੀਤ ਸਿੰਘ ਨੇ ਸਾਲ 2021 'ਚ ਯੂਥ ਅਕਾਲੀ ਦਲ ਦੇ ਅਹੁਦੇਦਾਰ ਵਿਕਰਮਜੀਤ ਸਿੰਘ ਉਰਫ਼ ਵਿੱਕੀ ਮਿੱਡੂਖੇੜਾ ਦੇ ਕਤਲ 'ਚ ਮੁੱਖ ਭੂਮਿਕਾ ਨਿਭਾਈ ਸੀ। ਪੁਲਸ ਜਾਂਚ ਦੌਰਾਨ ਇਹ ਖੁਲਾਸਾ ਹੋਇਆ ਕਿ ਸ਼ਗਨਪ੍ਰੀਤ ਨੇ ਸ਼ਾਰਪਸ਼ੂਟਰਾਂ ਦੇ ਮੋਹਾਲੀ 'ਚ ਰਹਿਣ ਦਾ ਪ੍ਰਬੰਧ ਕੀਤਾ ਸੀ ਅਤੇ ਉਨ੍ਹਾਂ ਨੂੰ ਇੱਕ ਕਾਰ ਵੀ ਦਿੱਤੀ ਸੀ। ਜ਼ਿਲ੍ਹਾ ਅਦਾਲਤ ਨੇ ਮੋਹਾਲੀ ਦੇ ਸ਼ਸ਼ਫ ਨੂੰ ਸ਼ਗਨਪ੍ਰੀਤ ਵਿਰੁੱਧ ਹਵਾਲਗੀ ਦੀ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਉਹ ਇਸ ਵੇਲੇ ਫਰਾਰ ਹੈ ਅਤੇ ਆਸਟ੍ਰੇਲੀਆ 'ਚ ਲੁਕਿਆ ਹੋਇਆ ਹੈ।

ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਬਲਜਿੰਦਰ ਸਿੰਘ ਸਰਾਂ ਨੇ ਸੋਮਵਾਰ ਨੂੰ ਇਸ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਤਿੰਨ ਸ਼ਾਰਪਸ਼ੂਟਰਾਂ - ਸੱਜਣ ਸਿੰਘ ਉਰਫ਼ ਭੋਲਾ, ਅਨਿਲ ਕੁਮਾਰ ਉਰਫ਼ ਲੱਠ ਅਤੇ ਅਜੈ ਕੁਮਾਰ ਉਰਫ਼ ਲੈਫਟੀ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਇਹ ਨਿਰਦੇਸ਼ ਦਿੱਤੇ। ਅਦਾਲਤ ਨੇ ਮੰਨਿਆ ਕਿ ਸ਼ਗਨਪ੍ਰੀਤ ਨੇ ਮਿੱਡੂਖੇੜਾ ਨੂੰ ਮਾਰਨ ਦੇ ਮਕਸਦ ਨਾਲ ਸ਼ਾਰਪਸ਼ੂਟਰਾਂ ਨੂੰ ਮੋਹਾਲੀ 'ਚ ਰਹਿਣ ਦਾ ਪ੍ਰਬੰਧ ਕੀਤਾ ਸੀ। ਉਹ ਉਸ ਦੀ ਟੋਇਟਾ ਐੱਸ. ਯੂ. ਵੀ. ਕਾਰ ਦੀ ਪਛਾਣ ਕਰਨ ਲਈ ਮੋਹਾਲੀ ਸੈਕਟਰ 71 'ਚ ਮਿੱਡੂਖੇੜਾ ਦੇ ਘਰ ਦੇ ਬਾਹਰ ਸ਼ਾਰਪਸ਼ੂਟਰਾਂ ਨੂੰ ਲੈ ਕੇ ਆਇਆ ਸੀ। ਉਸ ਨੇ ਉਨ੍ਹਾਂ ਨੂੰ ਮੋਬਾਈਲ ਫੋਨ 'ਤੇ ਮਿੱਡੂਖੇੜਾ ਦੀ ਤਸਵੀਰ ਦਿਖਾਈ ਅਤੇ ਸ਼ੂਟਰਾਂ 'ਚੋਂ ਇੱਕ ਅਨਿਲ ਲੱਠ ਅਤੇ ਲੱਕੀ ਪਟਿਆਲ ਵਿਚਕਾਰ ਸੰਚਾਰ ਦੀ ਸਹੂਲਤ ਵੀ ਦਿੱਤੀ।

ਅਦਾਲਤ ਨੇ ਮੋਹਾਲੀ ਦੇ ਸ਼ਸ਼ਫ ਨੂੰ ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਮਿੱਡੂਖੇੜਾ ਦੇ ਕਤਲ ਤੋਂ ਇੱਕ ਦਿਨ ਬਾਅਦ, ਸ਼ਗਨਪ੍ਰੀਤ ਮੂਸੇਵਾਲਾ ਦੇ ਸੰਗੀਤਕ ਸਮਾਰੋਹ ਦਾ ਪ੍ਰਬੰਧ ਕਰਨ ਲਈ ਦੁਬਈ ਗਿਆ ਅਤੇ ਚਾਰ ਦਿਨਾਂ ਬਾਅਦ ਉੱਥੋਂ ਵਾਪਸ ਆ ਗਿਆ। ਉਹ ਆਸਟ੍ਰੇਲੀਆ ਭੱਜਣ ਤੋਂ ਪਹਿਲਾਂ ਤਿੰਨ ਦਿਨ ਮੋਹਾਲੀ 'ਚ ਰਿਹਾ। ਮੋਹਾਲੀ ਪੁਲਸ ਨੇ ਬਾਅਦ 'ਚ ਆਸਟ੍ਰੇਲੀਆਈ ਦੂਤਾਵਾਸ ਨੂੰ ਸ਼ਗਨਪ੍ਰੀਤ ਦੀ ਅਪਰਾਧਿਕ ਸ਼ਮੂਲੀਅਤ ਬਾਰੇ ਸੂਚਿਤ ਕੀਤਾ ਅਤੇ ਉਸ ਦਾ ਵੀਜ਼ਾ ਰੱਦ ਕਰਨ ਦੀ ਬੇਨਤੀ ਕੀਤੀ।

# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ 'ਤੇ ਗਾਇਕ ਕੰਠ ਕਲੇਰ ਨੇ ਕੀਤੀ ਸਖ਼ਤ ਨਿੰਦਾ

ਜਲੰਧਰ - ਕੌਮਾਂਤਰੀ ਪੰਜਾਬੀ ਗਾਇਕ ਕੰਠ ਕਲੇਰ ਨੇ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਰਾਰਤੀ ਅਨਸਰ ਵੱਲੋਂ ਆਪਣੇ ਹਿੱਤਾਂ ਦੀ ਪੂਰਤੀ ਕਰਨ ਲਈ ਡਾ. ਅੰਬੇਡਕਰ ਜੀ ਦੇ ਬੁੱਤ ਦੀ ਬੇਅਦਬੀ ਕਰਨ ਦੀ ਕੋਝੀ ਹਰਕਤ ਕੀਤੀ ਗਈ ਹੈ।

ਕੰਠ ਕਲੇਰ ਨੇ ਕਿਹਾ ਕਿ ਇਹ ਲੋਕ ਪੰਜਾਬ ਦੀ ਅਮਨ-ਸ਼ਾਂਤੀ ਭੰਗ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਨਿਆਇਕ ਜਾਂਚ ਹੋਣੀ ਚਾਹੀਦੀ ਹੈ ਅਤੇ ਦੇਸ਼ 'ਚ ਸ਼ਰਾਰਤੀ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦੇਣਾ ਚਾਹੀਦਾ ਹੈ। ਪੰਜਾਬ 'ਚ ਭਾਈਚਾਰਕ ਸਾਂਝ ਵਧਾਉਣੀ ਚਾਹੀਦੀ ਹੈ ਅਤੇ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।



# ਸੈਫ ਅਲੀ ਖਾਨ 'ਤੇ ਹਮਲੇ ਦਾ ਮੁਲਜ਼ਮ 14 ਦਿਨਾਂ ਦੀ ਨਿਆਇਕ ਹਿਰਾਸਤ 'ਚ

ਮੁੰਬਈ - ਬਾਲੀਵੁੱਡ ਅਦਾਕਾਰ ਸੈਫ ਅਲੀ ਖਾਨ 'ਤੇ ਚਾਕੂ ਨਾਲ ਹਮਲਾ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ 30 ਸਾਲਾ ਬੰਗਲਾਦੇਸ਼ੀ ਨਾਗਰਿਕ ਨੂੰ ਬੁੱਧਵਾਰ ਨੂੰ 14 ਦਿਨ ਦੀ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਗਿਆ। ਬਾਂਦਰਾ ਮੈਜਿਸਟ੍ਰੇਟ ਅਦਾਲਤ ਨੇ ਕਿਹਾ ਕਿ ਮੁਲਜ਼ਮ ਦਾ ਪੁਲਸ ਰਿਮਾਂਡ ਵਧਾਉਣ ਲਈ ਕੋਈ ਨਵਾਂ ਆਧਾਰ ਨਹੀਂ ਹੈ। ਮੁਲਜ਼ਮ ਮੁਹੰਮਦ ਸ਼ਰੀਫੁਲ ਇਸਲਾਮ ਨੂੰ ਪੁਲਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਬਾਂਦਰਾ ਮੈਜਿਸਟ੍ਰੇਟ ਅਦਾਲਤ 'ਚ ਪੇਸ਼ ਕੀਤਾ ਗਿਆ ਸੀ।

ਪੁਲਸ ਨੇ ਜਾਂਚ ਲਈ ਦੋ ਦਿਨ ਦੇ ਹੋਰ ਰਿਮਾਂਡ ਦੀ ਮੰਗ ਕੀਤੀ ਪਰ ਅਦਾਲਤ ਨੇ ਇਸ ਨੂੰ ਖਾਰਿਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਮੁਲਜ਼ਮ 10 ਦਿਨਾਂ ਤੋਂ ਜ਼ਿਆਦਾ ਸਮੇਂ ਤੋਂ ਪੁਲਸ ਹਿਰਾਸਤ 'ਚ ਸੀ ਅਤੇ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਜਾਂਚ ਪੂਰੀ ਹੋ ਚੁੱਕੀ ਹੈ। ਜੇ ਅੱਗੇ ਕੋਈ ਨਵਾਂ ਸਬੂਤ ਸਾਹਮਣੇ ਆਉਂਦਾ ਹੈ ਤਾਂ ਪੁਲਸ ਨਵੇਂ ਸਿਰਿਓਂ ਮੁਲਜ਼ਮ ਦਾ ਰਿਮਾਂਡ ਮੰਗ ਸਕਦੀ ਹੈ।



ਪੁਲਸ ਅਨੁਸਾਰ, ਮੁਲਜ਼ਮ ਬੰਗਲਾਦੇਸ਼ੀ ਨਾਗਰਿਕ ਹੈ। ਉਸ ਨੇ ਭਾਰਤ 'ਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਤੋਂ ਬਾਅਦ ਆਪਣਾ ਨਾਂ ਮੁਹੰਮਦ ਸ਼ਰੀਫੁਲ ਇਸਲਾਮ ਸ਼ਹਿਜ਼ਾਦ ਤੋਂ ਬਿਜੋਏ ਦਾਸ ਕਰ ਲਿਆ ਸੀ। ਮੁਲਜ਼ਮ ਨੂੰ ਠਾਣੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਫ਼ਿਲਮਾਂ ਤੋਂ ਬਾਅਦ ਜੈ ਰੰਧਾਵਾ ਨੇ ਆਪਣੇ ਨਾਂ ਕੀਤਾ ਇਹ ਨਵਾਂ ਰਿਕਾਰਡ



ਚੰਡੀਗੜ੍ਹ-ਪੰਜਾਬੀ ਸਿਨੇਮਾ ਦੇ ਖੇਤਰ 'ਚ ਨਵੇਂ ਸਿਰਜਦੇ ਜਾ ਰਹੇ ਹਨ ਸਟਾਰ ਅਦਾਕਾਰ ਜੈ ਰੰਧਾਵਾ, ਜਿਨ੍ਹਾਂ ਨੇ ਪਾਲੀਵੁੱਡ ਦੇ ਇਤਿਹਾਸ 'ਚ ਇੱਕ ਹੋਰ ਅਧਿਆਏ ਕਾਇਮ ਕਰਦੇ ਹੋਏ 'ਲਿਮਕਾ ਬੁੱਕ ਰਿਕਾਰਡ' 'ਚ ਆਪਣਾ ਨਾਂਅ ਦਰਜ ਕਰਵਾ ਲਿਆ ਹੈ, ਜੋ ਉਨ੍ਹਾਂ ਵੱਲੋਂ ਦੁਬਈ ਦੇ 13000 ਫੀਟ ਉੱਚੇ ਅਕਾਸ਼ 'ਚ ਅਪਣੀ ਨਵੀਂ ਫਿਲਮ 'ਬਦਨਾਮ' ਦਾ ਪੋਸਟਰ ਜਾਰੀ ਕਰਕੇ ਬਣਾਇਆ ਗਿਆ ਹੈ।

'ਦੇਸੀ ਜੰਕਸ਼ਨ ਫਿਲਮਜ਼' ਅਤੇ 'ਜਬ ਸਟੂਡਿਓਜ਼' ਵੱਲੋਂ ਪੇਸ਼ ਕੀਤੀ ਜਾ ਰਹੀ ਉਕਤ ਫਿਲਮ ਦਾ ਸਟੋਰੀ ਅਤੇ ਡਾਇਲਾਗ ਲੇਖਨ ਜੱਸੀ ਲੋਹਕਾ, ਜਦਕਿ ਸਕ੍ਰੀਨ ਪਲੇਅ ਸਿਧਾਰਥ ਗਰਿਮਾ ਦੁਆਰਾ ਕੀਤਾ ਗਿਆ ਹੈ, ਜਦਕਿ ਨਿਰਦੇਸ਼ਨ ਜ਼ਿੰਮੇਵਾਰੀ ਨੂੰ ਮੁਨੀਸ਼ ਭੱਟ ਵੱਲੋਂ ਅੰਜ਼ਾਮ ਦਿੱਤਾ ਗਿਆ ਹੈ, ਜਿਨ੍ਹਾਂ ਦੀ ਜੈ ਰੰਧਾਵਾ ਨਾਲ ਬਤੌਰ ਨਿਰਦੇਸ਼ਕ ਬੈਕ-ਟੂ-ਬੈਕ ਇਹ ਚੌਥੀ ਫਿਲਮ ਹੈ।ਪਾਲੀਵੁੱਡ ਦੇ ਫਿਲਮ ਖੇਤਰ 'ਚ ਜੈ ਰੰਧਾਵਾ ਨੇ ਪਹਿਲੇ ਐਸੇ ਅਦਾਕਾਰ ਹੋਣ ਦਾ ਮਾਣ ਅਪਣੀ ਝੋਲੀ ਪਾ ਲਿਆ ਹੈ।

ਜਿਨ੍ਹਾਂ ਦੁਆਰਾ ਸੱਚੇ ਹੀਰੋ ਵਜੋਂ ਆਪਣੇ ਵਜ਼ੂਦ ਦਾ ਅਹਿਸਾਸ ਆਪਣੇ ਚਾਹੁੰਣ ਵਾਲਿਆਂ ਅਤੇ ਸਿਨੇਮਾ ਦਰਸ਼ਕਾਂ ਨੂੰ ਕਰਵਾਉਂਦਿਆਂ ਫਲਾਈ ਜੌਨ 'ਚ ਜਾ ਕੇ ਹੌਂਸਲੇ ਅਤੇ ਦਲੇਰੀ ਭਰੇ ਉਕਤ ਕਾਰਨਾਮੇ ਨੂੰ ਸਫਲਤਾਪੂਰਵਕ ਅੰਜ਼ਾਮ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਇਸ ਮਲਟੀ-ਸਟਾਰਰ ਅਤੇ ਐਕਸ਼ਨ ਭਰਪੂਰ ਫਿਲਮ ਦਾ ਮਸ਼ਹੂਰ ਹਿੰਦੀ ਸਿਨੇਮਾ ਅਦਾਕਾਰ ਮੁਕੇਸ਼ ਰਿਸ਼ੀ ਵੀ ਖਾਸ ਆਕਰਸ਼ਨ ਹੋਣਗੇ, ਜੋ ਮੇਨ ਵਿਲੇਨ ਦੇ ਤੌਰ ਉਤੇ ਅਪਣੀ ਉਪ-ਸਥਿਤੀ ਦਰਜ ਕਰਵਾਉਣਗੇ। 28 ਫ਼ਰਵਰੀ ਨੂੰ ਵਰਲਡ-ਵਾਈਡ ਜਾਰੀ ਕੀਤੀ ਜਾ ਰਹੀ ਇਸ ਫਿਲਮ ਨੂੰ ਕਾਫ਼ੀ ਵੱਡੇ ਸਕੇਲ ਅਧੀਨ ਰਿਲੀਜ਼ ਕੀਤਾ ਜਾ ਰਿਹਾ ਹੈ।

# ਕਪੂਰ ਖਾਨਦਾਨ ਦੀ ਲਾਡਲੀ ਨੇ ਕਰਵਾਈ ਕਾਸਮੈਟਿਕ ਸਰਜਰੀ

ਮਰਹੂਮ ਅਦਾਕਾਰਾ ਸ਼੍ਰੀਦੇਵੀ ਅਤੇ ਨਿਰਮਾਤਾ ਬੋਨੀ ਕਪੂਰ ਦੀ ਧੀ ਖੁਸ਼ੀ ਕਪੂਰ ਆਪਣੀ ਦੂਜੀ ਫ਼ਿਲਮ 'ਲਵਯਾਪਾ' ਦੀ ਰਿਲੀਜ਼ਿੰਗ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਫ਼ਿਲਮ 'ਚ ਆਮਿਰ ਖ਼ਾਨ ਦਾ ਪੁੱਤਰ ਜੁਨੈਦ ਖ਼ਾਨ ਵੀ ਉਨ੍ਹਾਂ ਨਾਲ ਮੁੱਖ ਭੂਮਿਕਾ 'ਚ ਹੈ। ਆਪਣੀ ਸ਼ੁਰੂਆਤ ਤੋਂ ਪਹਿਲਾਂ ਹੀ, ਖੁਸ਼ੀ ਦੀ ਕਾਸਮੈਟਿਕ ਸਰਜਰੀ ਕਰਵਾਉਣ ਲਈ ਆਲੋਚਨਾ ਕੀਤੀ ਗਈ ਸੀ। ਹੁਣ ਇੱਕ ਇੰਟਰਵਿਊ ਦੌਰਾਨ ਉਸਨੇ ਸਰਜਰੀ ਕਰਵਾਉਣ ਦੀ ਗੱਲ ਸਵੀਕਾਰ ਕੀਤੀ ਹੈ।

ਖੁਸ਼ੀ ਕਪੂਰ ਨੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਇਹ ਕੋਈ ਵੱਡੀ ਗੱਲ ਹੈ।' ਮੈਂ ਪਲਾਸਟਿਕ ਸ਼ਬਦ ਨੂੰ ਇਸ ਤਰ੍ਹਾਂ ਦੇਖਦੀ ਹਾਂ। ਪਲਾਸਟਿਕ ਅਜਿਹਾ ਹੈ ਜਿਵੇਂ ਲੋਕ ਸੋਚਦੇ ਹਨ ਕਿ ਇਹ ਕਿਸੇ ਨੂੰ ਦਿੱਤਾ ਜਾਣ ਵਾਲਾ ਸਭ ਤੋਂ ਵੱਡਾ ਅਪਮਾਨ ਹੈ। ਇੰਡਸਟਰੀ 'ਚ ਆਉਣ ਤੋਂ ਪਹਿਲਾਂ ਹੀ, ਲੋਕਾਂ ਕੋਲ ਮੇਰੇ ਬਾਰੇ ਇੱਕ ਧਾਰਨਾ ਸੀ ਕਿ ਮੈਂ ਕਿਵੇਂ ਹਾਂ ਅਤੇ ਮੈਂ ਕੌਣ ਹਾਂ। ਇਸ 'ਚੋਂ ਜ਼ਿਆਦਾਤਰ ਨਕਾਰਾਤਮਕ ਹੈ।

ਦੱਸ ਦੇਈਏ ਕਿ ਕੁਝ ਸਾਲ ਪਹਿਲਾਂ ਖੁਸ਼ੀ ਕਪੂਰ ਨੇ ਆਪਣੇ ਇੱਕ ਪੁਰਾਣੇ ਵੀਡੀਓ 'ਤੇ ਪ੍ਰਤੀਕਿਰਿਆ ਦਿੱਤੀ ਸੀ, ਜਿਸ 'ਚ ਉਹ ਆਪਣੀ ਮਾਂ ਸ਼੍ਰੀਦੇਵੀ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਦਿਖਾਈ ਦੇ ਰਹੀ ਸੀ। ਇੱਕ ਯੂਜ਼ਰ ਨੇ ਲਿਖਿਆ, "ਮੈਂ ਸੱਚ ਕਹਾਂਗਾ, ਖੁਸ਼ੀ ਪਹਿਲਾਂ ਵਰਗੀ ਹੀ ਦਿਖਾਈ ਦਿੰਦੀ ਹੈ।"



ਜਦੋਂ ਕਿ ਇੱਕ ਹੋਰ ਯੂਜ਼ਰ ਨੇ ਲਿਖਿਆ, ''ਧੰਨਵਾਦ। ਉਹ ਉਸ ਸਮੇਂ 12 ਸਾਲ ਦੀ ਸੀ। ਉਸ ਨੇ ਹੁਣੇ-ਹੁਣੇ ਹੀ ਬ੍ਰੇਸੇਜ ਲਗਾਏ ਸਨ, ਬਸ ਇੰਨਾ ਹੀ।'' ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਖੁਸ਼ੀ ਕਪੂਰ ਨੇ ਲਿਖਿਆ ਸੀ, ''ਲਿਪ ਫਿਲਰਸ। ਹਾ ਹਾ ਹਾ।'' ਇਸ ਦੇ ਨਾਲ ਹੀ ਉਸ ਨੇ ਇੱਕ ਇਮੋਟੀਕੋਨ ਵੀ ਸਾਂਝਾ ਕੀਤਾ, ਜਿਸ 'ਤੇ ਨੱਕ ਲਿਖਿਆ ਹੋਇਆ ਸੀ। ਇਸ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਕਿ ਉਸ ਨੇ ਨੱਕ ਫਿਲਰ ਵੀ ਕਰਵਾਏ ਹਨ।

ਖੁਸ਼ੀ ਕਪੂਰ ਜਲਦੀ ਹੀ ਫ਼ਿਲਮ 'ਲਵਯਾਪਾ' ਨਾਲ ਬਾਲੀਵੁੱਡ 'ਚ ਐਂਟਰੀ ਕਰਨ ਜਾ ਰਹੀ ਹੈ। ਇਹ ਵੱਡੇ ਪਰਦੇ 'ਤੇ ਰਿਲੀਜ਼ ਹੋਣ ਵਾਲੀ ਉਸ ਦੀ ਪਹਿਲੀ ਫ਼ਿਲਮ ਹੋਵੇਗੀ ਕਿਉਂਕਿ ਉਸ ਦੀ ਪਹਿਲੀ ਫ਼ਿਲਮ 'ਦਿ ਆਰਚੀਜ਼' ਸਿੱਧੇ ੌਠਠ 'ਤੇ ਰਿਲੀਜ਼ ਹੋਈ ਸੀ। ਇਸ ਫ਼ਿਲਮ 'ਚ ਉਸ ਨਾਲ ਜੁਨੈਦ ਖ਼ਾਨ ਅਤੇ ਆਸ਼ੂਤੋਸ਼ ਰਾਣਾ ਵੀ ਮਹੱਤਵਪੂਰਨ ਭੂਮਿਕਾਵਾਂ ਨਿਭਾ ਰਹੇ ਹਨ। ਇਹ ਫ਼ਿਲਮ 7 ਫਰਵਰੀ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਣ ਜਾ ਰਹੀ ਹੈ।

# ਗਰਮ ਮਸਾਲਿਆਂ ਰਾਹੀਂ ਇਲਾਜ ਕਰਨ ਦੇ ਢੰਗ

ਲਾਲ ਮਿਰਚ ਨੂੰ ਅੰਗਰੇਜ਼ੀ ਵਿਚ ਰੈਡ ਚਿੱਲੀ (Red Chilly) ਜਾਂ ਰੈਡ ਪੇਪਰ (Red Pepper) ਆਖਦੇ ਹਨ। ਲਾਤੀਨੀ ਭਾਸ਼ਾ ਵਿਚ ਇਸਨੂੰ ਕੈਪਸੀਕਮ ਐਨੂਮ (Capsicum annuum) ਆਖ ਦਿੱਤਾ ਜਾਂਦਾ ਹੈ। ਪੀਸੀ ਹੋਈ ਲਾਲ ਮਿਰਚ ਵਿਚ ਲੱਕੜੀ ਦਾ ਬੁਰਾਦਾ ਜਾਂ ਰੰਗ ਮਿਲਾ ਦਿੱਤਾ ਜਾਂਦਾ ਹੈ। ਇਕ ਚਮਚਾ ਪੀਸੀ ਹੋਈ ਲਾਲ ਮਿਰਚ ਇਕ ਕੱਪ ਪਾਣੀ ਵਿਚ ਘੋਲੋ। ਇਸ ਨਾਲ ਪਾਣੀ ਰੰਗੀਨ ਹੋ ਜਾਵੇਗਾ ਅਤੇ ਬੁਰਾਦਾ ਪਾਣੀ ਵਿਚ ਤੈਰਨ ਲੱਗੇਗਾ।

ਮਿਰਚ ਵਿਟਾਮਨ-ਏ ਦਾ ਬਹੁਤ ਵਧੀਆ ਸਰੋਤ ਹੈ। ਤਾਜੀ ਲਾਲ ਮਿਰਚ ਵਿਚ ਹਰੀ ਮਿਰਚ ਦੇ ਮੁਕਾਬਲੇ ਪੰਦਰਾਂ ਗੁਣਾ ਵੱਧ ਵਿਟਾਮਿਨ ਏ ਹੁੰਦਾ ਹੈ। ਪੀਸੀ ਹੋਈ ਲਾਲ ਮਿਰਚ ਵਿਚ ਥੋੜਾ ਜਿਹਾ ਲੂਣ ਜਾਂ ਤੇਲ ਮਿਲਾਕੇ ਰੱਖੋ, ਮਿਰਚ ਖਰਾਬ ਨਹੀਂ ਹੋਵੇਗੀ। ਡਾਕਟਰੀ ਇਲਾਜ ਵਿਚ ਕੌੜੀ ਮਿਰਚ ਵੱਧ ਗੁਣਕਾਰੀ ਮੰਨੀ ਜਾਂਦੀ ਹੈ। ਮੋਟੀ (ਸ਼ਿਮਲਾ ਮਿਰਚ) ਮਿਰਚ ਚਕਿਤਸਾ ਵਿਚ ਬਹੁਤ ਘੱਟ ਵਰਤੀ ਜਾਂਦੀ ਹੈ।

**ਮਿਰਚ ਵਿਚ ਮਿਲਣ ਵਾਲੇ ਤੱਤ**

| ਪੋਸ਼ਕ ਪਦਾਰਥ | ਭਾਰਤੀ ਹਰੀ ਮਿਰਚ | ਭਾਰਤੀ ਲਾਲ ਮਿਰਚ ਸੁੱਕੀ ਹੋਈ | ਕੈਪਸੀਕਮ ਐਨੂਅਮ (ਵੱਡੀ ਮਿਰਚ) |
|---|---|---|---|
| ਨਮੀ ਗ੍ਰਾਮ | 35.7 | 15.9 | 92.4 |
| ਰੇਸ਼ਾ ਗ੍ਰਾਮ | 6.8 | 30.2 | 1.3 |
| ਪ੍ਰੋਟੀਨ ਗ੍ਰਾਮ | 2.9 | – | 1.3 |
| ਕਾਰਬੋਹਾਈਡਰੇਟ | 3.0 | 31.6 | 4.3 |
| ਉਰਜਾ ਕਿਲੋ ਕੈਲੋਰੀ | 29.0 | 264.0 | 24.0 |
| ਕੈਲਸ਼ੀਅਮ ਮਿਲੀਗ੍ਰਾਮ | 30.0 | 160.0 | 30.0 |
| ਫਾਸਫੋਰਸ ਮਿਲੀਗ੍ਰਾਮ | 80.0 | 370.0 | – |
| ਕੈਰੋਟੀਨ ਮਿਲੀਗ੍ਰਾਮ | 17.5 | 34.5 | 42.7 |
| ਵਿਟਾਮਿਨ ਸੀ ਮਿਲੀਗ੍ਰਾਮ | 111.0 | 50.0 | 138.0 |

ਹਵਾਲਾ : 'ਪੋਸ਼ਣ ਪੱਤ੍ਰਿਕਾ' 19 ਅਗਸਤ 1984, ਰਾਸ਼ਟਰੀ ਪੋਸ਼ਣ ਸੰਸਥਾਨ, ਹੈਦਰਾਬਾਦ ਤੋਂ ਧੰਨਵਾਦ ਸਹਿਤ।

- ਸਹੀ ਹਾਲਤ ਵਿਚ ਲਾਲ ਮਿਰਚ ਖਾਣ ਨਾਲ ਸਰੀਰ ਦਾ ਹਰ ਇਕ ਅੰਗ ਉਤੇਜਤ ਹੋ ਕੇ ਵੱਧ ਕਾਰਜਸ਼ੀਲ ਹੋ ਜਾਂਦਾ ਹੈ। ਲਾਲ ਮਿਰਚ ਵਿਚ ਸਾਰੇ ਪੌਸ਼ਟਿਕ ਪਦਾਰਥ ਹਰੀ ਮਿਰਚ ਨਾਲੋਂ ਵੱਧ ਹੁੰਦੇ ਹਨ। ਸੁੱਕੀ ਲਾਲ ਮਿਰਚ ਅੱਖਾਂ ਦੇ ਲਈ ਨੁਕਸਾਨਦਾਇਕ ਹੈ। ਲਾਲ ਮਿਰਚ ਦਾ ਸੇਵਨ ਘੱਟ ਮਾਤਰਾ ਵਿਚ ਹੀ ਕਰਨਾ ਚਾਹੀਦਾ ਹੈ। ਵੱਧ ਮਾਤਰਾ ਵਿਚ ਖਾਣ ਨਾਲ ਨੁਕਸਾਨ ਕਰਦੀ ਹੈ।

- **ਮਿਹਦੇ ਦਾ ਕੈਂਸਰ :**

ਅਮਰੀਕਨ ਐਸੋਸੀਏਸ਼ਨ ਆਫ ਕੈਂਸਰ ਰਿਸਰਚ ਦੇ ਅਧਿਐਨ ਅਨੁਸਾਰ ਲਾਲ ਮਿਰਚ ਮਿਹਦੇ ਦੇ ਕੈਂਸਰ ਨੂੰ ਰੋਕ ਸਕਦੀ ਹੈ ਜਾਂ ਉਸਦੀ ਗਤੀ ਨੂੰ ਘੱਟ ਕਰ ਸਕਦੀ ਹੈ। ਲਾਲ ਮਿਰਚ ਨੂੰ ਤਿੱਖਾਪਣ ਦੇਣ ਵਾਲੇ ਰਸਾਇਣ ਕੈਪਸਾਈਸਿਨ ਵਿਚ ਇਹ ਚਮਤਕਾਰੀ ਗੁਣ ਮਿਲਦਾ ਹੈ। ਇਹ ਰਸਾਇਣ ਨੁਕਸਾਨ ਗ੍ਰਸਤ ਕੋਸ਼ਿਕਾਵਾਂ ਨੂੰ ਠੀਕ ਕਰਨ ਦੀ ਸਰੀਰ ਦੀ ਕੁਦਰਤੀ ਸਮਰੱਥਾ ਦਾ ਪ੍ਰਯੋਗ ਕਰਦਾ ਹੋਇਆ ਕੈਂਸਰ ਗ੍ਰਸਤ ਕੋਸ਼ਿਕਾਵਾਂ (ਸੈਲਾਂ) ਨੂੰ ਮਾਰ ਦਿੰਦਾ ਹੈ।

- **ਮੂੰਹ ਜਲਣਾ :**

ਕਿਸੇ ਕਿਸੇ ਦੇ ਤੇਜ ਮਿਰਚ, ਵੱਧ ਮਿਰਚ ਖਾਣ ਨਾਲ ਜੀਭ ਤੇ ਬੁੱਲ੍ਹ ਜਲਦੇ ਹਨ। ਇਸ ਨੂੰ ਸ਼ਾਂਤ ਕਰਨ ਲਈ ਲੋਕੀਂ ਪਾਣੀ ਪੀਂਦੇ ਹਨ। ਮਿੱਠੀਆਂ ਚੀਜਾਂ, ਗੁੜ ਜਾਂ ਚੀਨੀ ਖਾਂਦੇ ਹਨ। ਇਸ ਨਾਲ ਮਿਰਚ ਵਿਚ ਮਿਲਣ ਵਾਲਾ ਕੈਪਸਾਈਸ਼ਿਨ ਰਸਾਇਣ ਮੂੰਹ ਵਿਚ ਹੋਰ ਵੀ ਵੱਧ ਫੈਲਦਾ ਹੈ, ਜਿਸ ਨਾਲ ਜਲਣ ਵਧਦੀ ਹੈ। ਇਸ ਜਲਣ ਤੋਂ ਬਚਣ ਦੇ ਲਈ ਦੁੱਧ ਦੀ ਘੁੱਟ ਭਰਕੇ ਮੂੰਹ ਵਿਚ ਰੋਕੀ ਰੱਖੋ। ਦੁੱਧ ਦੀ ਚਰਬੀ ਕੈਪਸਾਈਸ਼ਿਨ ਨੂੰ ਸੋਕ ਲੈਂਦੀ ਹੈ ਅਤੇ ਜਲਣ ਸ਼ਾਂਤ ਹੋ ਜਾਂਦੀ ਹੈ। ਮਿਰਚ ਖਾਣ ਨਾਲ ਸਰੀਰ ਵਿਚ ਰਕਤ ਪ੍ਰਵਾਹ ਵਧ ਜਾਂਦਾ ਹੈ। ਇਹ ਖਾਣ ਵਾਲੇ ਨੂੰ ਗਰਮਾਇਸ਼ ਦਿੰਦੀ ਹੈ।

- **ਗਠੀਆ :**

ਅਮਰੀਕਾ ਦੇ ਮੇਸਾਚੁਸੇਟੱਸ ਹਸਪਤਾਲ ਦੇ ਡਾਕਟਰ ਕਲੇਫਰਡ ਵੁਲਫ, ਡਾਕਟਰ ਰੁਰੇਗ ਦੀ ਧਾਰਨਾ ਹੈ ਕਿ ਮਿਰਚ ਵਿਚ ਮਿਲਣ ਵਾਲੇ ਪ੍ਰੋਟੀਨ, ਕੈਪਸਾਈਸਿਨ, ਗਠੀਆ ਰੋਗ ਵਿਚ ਢੁੱਕਵੀਂ ਪ੍ਰਤਿਕਿਰਿਆ ਕਰਦੇ ਹਨ। ਅਨੇਕਾਂ ਤਜ਼ਰਬਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਲਾਲ ਮਿਰਚ ਗਠੀਏ ਦੇ ਰੋਗੀਆਂ ਲਈ ਰਾਮਬਾਣ ਸਿੱਧ ਹੋ ਸਕਦੀ ਹੈ। ਅਮਰੀਕਾ ਦੇ ਡਾਕਟਰਾਂ ਦਾ ਮੰਨਣਾ ਹੈ ਕਿ ਲਾਲ ਮਿਰਚ ਵਿਚ ਮਿਲਣ ਵਾਲਾ ਕੈਪਸਾਈਸਿਨ ਗਠੀਆ ਰੋਗ ਦੀ ਸ਼ਰਤੀਆ ਔਸ਼ਧੀ ਦੀ ਤਰ੍ਹਾਂ ਹੀ ਕ੍ਰਿਆ ਕਰਦਾ ਹੈ।

- **ਦਿਲ ਦੇ ਰੋਗ:**

ਮਸਾਲੇ ਦੇ ਰੂਪ ਵਿਚ ਬੀਜ ਰਹਿਤ ਲਾਲ ਮਿਰਚ ਦਾ ਸੇਵਨ ਦਿਲ ਦੇ ਰੋਗਾਂ ਵਿਚ ਲਾਭਕਾਰੀ ਹੁੰਦਾ ਹੈ।

- **ਅੱਖਾਂ ਦੁਖਣੀਆਂ :**

ਅੱਖਾਂ ਦੁਖਣ ਵਕਤ ਲਾਲ ਮਿਰਚ ਪੀਸਕੇ, ਥੋੜਾ ਜਿਹਾ ਪਾਣੀ ਮਿਲਾਕੇ ਪੇਸਟ (ਲੁਗਦੀ) ਬਣਾ ਲਵੋ। ਜਿਸ ਪਾਸੇ ਦੀ ਅੱਖ ਦੁਖ ਰਹੀ ਹੋਵੇ, ਉਸ ਦੇ ਪੈਰ ਦੇ ਅੰਗੂਠੇ ਦੇ ਨਹੁੰ ਤੇ ਪੇਸਟ ਦਾ ਲੇਪ ਕਰੋ। ਜੇਕਰ ਦੋਵੇਂ ਅੱਖਾਂ ਦੁਖਦੀਆਂ ਹੋਣ ਤਾਂ ਦੋਵਾਂ ਅੰਗੂਠਿਆਂ ਤੇ ਲੇਪ ਕਰੋ।

ਬਿੱਛੂ ਕੱਟੇ ਸਥਾਨ ਤੇ ਲਾਲ ਮਿਰਚ ਪੀਸਕੇ ਲਾਉਣ ਨਾਲ ਠੰਢਕ ਪੈ ਜਾਂਦੀ ਹੈ। ਪਾਗਲ ਕੁੱਤੇ ਦੇ ਕੱਟ ਲੈਣ ਤੇ ਲਾਲ ਮਿਰਚ ਪੀਸਕੇ ਖਾਣੇ ਵਿਚ ਵਰਤੇ ਜਾਂਦੇ ਤੇਲ ਨੂੰ ਮਿਲਾਕੇ ਕੁੱਤੇ ਵੱਲੋਂ ਵੱਢੇ ਗਏ ਜ਼ਖ਼ਮ ਤੇ ਲਗਾ ਦੇਵੋ। ਇਸ ਨਾਲ ਕੁੱਤੇ ਦੇ ਦੰਦਾਂ ਦਾ ਜ਼ਹਿਰ ਖਤਮ ਹੋ ਜਾਂਦਾ ਹੈ। ਹਲਕੇ ਕੁੱਤੇ ਦੇ ਵੱਢਣ ਤੇ ਲਾਲ ਮਿਰਚ ਦਾ ਲੇਪ ਕਰਨ ਦੀ ਵਿਧੀ ਪਿੰਡਾਂ ਵਿਚ ਤਾਂ ਪ੍ਰਚੱਲਤ ਹੈ ਹੀ, ਹੁਣ ਇਸਦੇ ਵਿਗਿਆਨਕ ਪਰੀਖਣਾਂ ਤੋਂ ਵੀ ਇਸਦੀ ਉਪਯੋਗਤਾ ਸਿੱਧ ਹੋ ਗਈ ਹੈ। ਇਹ ਲੇਪ ਕਰਨ ਤੇ ਬਹੁਤ ਪਸੀਨਾ ਆਉਂਦਾ ਹੈ, ਜਿਸ ਨਾਲ ਲਾਰ ਵਹਿ ਜਾਂਦੀ ਹੈ। ਖੁਜਲੀ ਅਤੇ ਦੱਦ ਤੇ ਪੀਸੀ ਲਾਲ ਮਿਰਚ ਸਰ੍ਹੋਂ ਦੇ ਤੇਲ ਵਿਚ ਮਿਲਾਕੇ ਲਾਉਣ ਨਾਲ ਰਾਹਤ ਮਿਲਦੀ ਹੈ। ਸੱਪ ਦੇ ਡੰਗਣ ਨਾਲ ਲਾਲ ਮਿਰਚ ਖਾਣ ਨਾਲ ਕੌੜੀ ਨਹੀਂ ਲੱਗਦੀ। ਇਸ ਤਰ੍ਹਾਂ ਸੱਪ ਦੇ ਕੱਟਣ ਦੀ ਪਛਾਣ ਕਰ ਸਕਦੇ ਹਾਂ। ਦੱਦ, ਸੋਜ, ਖੁਜਲੀ ਆਦਿ ਵਿਚ ਲਾਲ ਮਿਰਚ ਦਾ ਤੇਲ ਲਾਉਣਾ ਲਾਭਦਾਇਕ ਹੁੰਦਾ ਹੈ। ਬਰਸਾਤ ਰੁੱਤੇ ਹੋਣ ਵਾਲੇ ਫੋੜੇ, ਫੁੰਨਸੀਆਂ ਨੂੰ ਵੱਧ ਲਾਭ ਹੁੰਦਾ ਹੈ। ਲਾਲ ਮਿਰਚ 125 ਗ੍ਰਾਮ, ਸਰ੍ਹੋਂ ਦਾ ਤੇਲ 375 ਗ੍ਰਾਮ ਦੋਨਾਂ ਨੂੰ ਗਰਮ ਕਰਕੇ ਚੰਗੀ ਤਰ੍ਹਾਂ ਉਬਾਲਣ ਤੇ ਪੁਣ ਲਵੋ। ਇਹ ਲਾਲ ਮਿਰਚ ਦਾ ਤੇਲ ਹੈ। ਇਹ ਹੱਡੀ ਤੇ ਲੱਗੀ ਚੋਟ ਵਿਚ ਵੀ ਮਲਣ 'ਤੇ ਲਾਭ ਕਰਦਾ ਹੈ।




ਹੁੰਦਾ ਹੈ। ਮਿਰਚਾਂ ਨਾਲ ਅੰਧਰਾਤਾ (ਰਤੌਂਧੀ) ਰੋਕਣ ਵਿਚ ਸਹਾਇਤਾ ਮਿਲਦੀ ਹੈ।

- ਨੁਕਸਾਨ ਕੀ ਹੋ ਸਕਦੇ ਹਨ :

ਕੁੱਝ ਵਿਅਕਤੀਆਂ ਵਿਚ ਗਰਮ ਅਤੇ ਮਸਾਲੇਦਾਰ ਪਦਾਰਥ, ਜਿਹਨਾਂ ਵਿਚ ਮਿਰਚ ਪਾਈ ਹੋਵੇ, ਉਤੇਜਨਾ ਅਤੇ ਤੇਜ਼ਾਬੀ ਰਸਾਂ ਦਾ ਰਿਸਣਾ ਵਧਾ ਸਕਦੇ ਹਨ। ਜਿਸ ਨਾਲ ਪੈਪਟਿਕ ਅਲਸਰ ਬਣ ਸਕਦੇ ਹਨ। ਜਿਹਨਾਂ ਦੇ ਕਾਰਨ ਉਪਰਲੇ ਮੱਧ ਪੇਟ ਵਿਚ ਦਰਦ ਅਤੇ ਬੇਚੈਨੀ ਹੋਣ ਲੱਗਦੀ ਹੈ। ਅਜਿਹੇ ਵਿਅੱਕਤੀਆਂ ਨੂੰ ਮਸਾਲੇਦਾਰ ਭੋਜਨ ਨਹੀਂ ਖਾਣਾ ਚਾਹੀਦਾ, ਕਿਉਂਕਿ ਇਸ ਨਾਲ ਹਾਲਤ ਬਹੁਤ ਵਿਗੜ ਸਕਦੀ ਹੈ।

- ਲਾਲ ਮਿਰਚ ਖਾਣ ਨਾਲ ਦਮੇਂ ਤੋਂ ਵੀ ਰਾਹਤ ਮਿਲਦੀ ਹੈ। ਦਮੇ ਦੇ ਵਾਰ-ਵਾਰ ਪੈਣ ਵਾਲੇ ਦੌਰਿਆਂ ਵਿਚ ਕਮੀ ਆਉਂਦੀ ਹੈ। ਫ਼ੇਫੜਿਆਂ ਦੀ ਸਰਗਰਮੀ ਵਿਚ ਤੇਜੀ ਆਉਂਦੀ ਹੈ ਅਤੇ ਸਾਹ ਨਲੀਆਂ ਦੀ ਸੰਵੇਦਨਸ਼ੀਲਤਾ ਵਿਚ ਕਮੀ ਆਉਂਦੀ ਹੈ। ਜਿਸ ਨਾਲ ਨਲੀਆਂ ਘੱਟ ਸੁੰਗੜਦੀਆਂ ਹਨ। ਪਹਿਲੀ ਵਾਰੀ ਕੈਪਸਾਈਸਿਨ ਦੇ ਸੇਵਨ ਨਾਲ ਫ਼ੇਫੜਿਆਂ ਵਿਚ ਜਲਣ ਹੁੰਦੀ ਹੈ। ਹੌਲ਼ੀ ਹੌਲ਼ੀ ਇਹ ਖਤਮ ਹੋ ਜਾਂਦੀ ਹੈ।

- **ਬੁਖਾਰ ਅਤੇ ਚਮੜੀ ਰੋਗ ਨਿਰੋਧਕ :**

ਨਿੰਮ ਦੀਆਂ ਕਰੂੰਬਲਾਂ (ਨਵੀਆਂ ਕੋਮਲ ਪੱਤੀਆਂ), ਬੀਜ ਕੱਢੀ ਹੋਈ ਲਾਲ ਮਿਰਚ, ਕਾਲੀ ਮਿਰਚ ਤਿੰਨੇ ਇਕੋ ਜਿਹੀ ਮਾਤਰਾ ਵਿਚ ਪਾਣੀ ਨਾਲ ਰਗੜ ਲਵੋ। ਇਸ ਦੀਆਂ ਮਟਰ ਦੇ ਦਾਣੇ ਦੇ ਬਰਾਬਰ ਗੋਲੀਆਂ ਬਣਾ ਕੇ ਛਾਂ ਵਿਚ ਸੁਕਾ ਲਵੋ। ਇਕ ਗੋਲ਼ੀ ਹਰ ਰੋਜ ਖਾਲੀ ਪੇਟ ਵੀਹ ਦਿਨ ਪਾਣੀ ਨਾਲ ਸੇਵਨ ਕਰੋ। ਸਾਰਾ ਪਰਿਵਾਰ ਹੀ ਸੇਵਨ ਕਰ ਸਕਦਾ ਹੈ। ਇਸਦਾ 20 ਦਿਨ ਸੇਵਨ ਕਰਨ ਨਾਲ ਇਕ ਸਾਲ ਤੱਕ ਚਮੜੀ ਦੇ ਰੋਗ ਫੋੜੇ, ਫੁੰਨਸੀ, ਰਕਤ ਵਿਕਾਰ, ਬੁਖਾਰ ਨਹੀਂ ਹੋਵੇਗਾ। ਇਸ ਤਰ੍ਹਾਂ ਹਰ ਸਾਲ ਕਰੋ ਅਤੇ ਤੰਦਰੁਸਤ ਰਹੋ। ਪੇਟ ਦਰਦ ਹੋਵੇ ਤਾਂ ਪੀਸੀ ਹੋਈ ਲਾਲ ਮਿਰਚ ਗੁੜ ਵਿਚ ਮਿਲਾਕੇ ਖਾਣ ਨਾਲ ਲਾਭ ਹੁੰਦਾ ਹੈ।

- ਪਾਣੀ ਦੇ ਦੋਸ਼ :

ਦੇਸ਼-ਪ੍ਰਦੇਸ਼ ਘੁੰਮਦੇ ਫਿਰਦੇ ਸਮੇਂ ਥਾਂ-ਥਾਂ ਜਾਣਾ ਪੈਂਦਾ ਹੈ ਅਤੇ ਉਥੇ ਪਾਣੀ ਤਾਂ ਪੀਣਾ ਹੀ ਪੈਂਦਾ ਹੈ। ਲਾਲ ਮਿਰਚ ਦੀ ਚਟਣੀ ਘਿਉ ਵਿਚ ਤੜਕ ਕੇ ਹਰ ਰੋਜ਼ ਖਾਣ ਨਾਲ ਪਾਣੀ ਦੇ ਬੁਰੇ ਪ੍ਰਭਾਵ ਨਸ਼ਟ ਹੋ ਜਾਂਦੇ ਹਨ। ਮਿਰਚਾਂ ਵਿਚ ਵਿਟਾਮਨ ਏ ਅਤੇ ਵਿਟਾਮਨ ਸੀ ਬਹੁਤ ਹੁੰਦੇ ਹਨੇ।

ਇਹਨਾਂ ਵਿਚ ਟੋਕੋਫਰੋਲ ਤੇ ਵਿਟਾਮਿਨ ਈ ਵੀ ਹੁੰਦੇ ਹਨ। ਲਾਲ ਮਿਰਚ ਵਿਟਾਮਨ ਸੀ ਦਾ ਵਧੀਆ ਸਰੋਤ ਹੈ। ਤੀਬਰ ਦਰਦ, ਸੰਨਾਯੂਆਂ ਦੇ ਵਿਕਾਰ (ਨਿਊਰੇਲਜੀਆ) ਗੈਸ ਦੇ ਕਾਰਨ ਪੈਦਾ ਹੋਏ ਵਿਗਾੜਾਂ ਵਿਚ ਮਿਰਚ ਦੇ ਵਿਅੰਜਨ (ਪਕਵਾਨ) ਪ੍ਰਤੀ ਉਤੇਜਕ ਦੇ ਰੂਪ ਵਿਚ ਦਿੱਤੇ ਜਾਂਦੇ ਹਨ। ਇਹਨਾਂ ਨੂੰ ਖਾਣ ਨਾਲ ਟੌਨਿਕ ਵਰਗਾ ਅਸਰ ਹੁੰਦਾ ਹੈ। ਪ੍ਰੰਤੂ ਅੰਧਾ-ਧੁੰਦ ਖਾਣ ਨਾਲ ਅੰਤੜੀਆਂ ਨੂੰ ਸੋਜ ਆ ਸਕਦੀ ਹੈ। ਭੋਜਨ ਦੇ ਨਾਲ ਖਾਣ ਤੇ ਮਿਰਚਾਂ ਸਾਡੀਆਂ ਸਵਾਦ ਕਲਿਕਾਵਾਂ ਨੂੰ ਉਦੀਪਤ ਕਰਦੀਆਂ ਹਨ ਅਤੇ ਲਾਰ ਦੇ ਪ੍ਰਵਾਹ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਲਾਰ ਮੰਡ (ਸਟਾਰਚ) ਵਾਲੇ ਅਤੇ ਅੰਨ ਵਾਲੇ ਭੋਜਨ ਪਦਾਰਥਾਂ ਨੂੰ ਹਜ਼ਮ ਕਰਨ ਵਿਚ ਸਹਾਈ ਹੁੰਦੇ ਹਨ। ਸਲਾਦ ਦੇ ਨਾਲ ਤਾਜ਼ੇ ਰੂਪ ਵਿਚ ਖਾਣ ਤੇ ਇਹ ਵਿਟਾਮਨ ਪੂਰਤੀ (ਸੰਪੂਰਕ) ਦਾ ਕੰਮ ਕਰਦੀਆਂ ਹਨ। ਕਿਉਂਕਿ ਇਹਨਾਂ ਵਿਚ ਵਿਟਾਮਨ ਏ ਤੇ ਵਿਟਾਮਨ ਸੀ ਬਹੁਤ ਹੁੰਦੇ ਹਨ। ਪੱਕੀ ਸੁੱਕੀ ਤੇ ਪੀਸੀ ਹੋਈ ਮਿਰਚ ਦੇ ਮੁਕਾਬਲੇ ਹਰੀਆਂ ਤਾਜ਼ੀਆਂ ਮਿਰਚਾਂ ਪੌਸ਼ਟਿਕ ਹੁੰਦੀਆਂ ਹਨ। ਸ਼ਿਮਲਾ ਮਿਰਚ ਵਿਚ ਵਿਟਾਮਿਨ ਸੀ ਵੱਧ




ਹਰੀਆਂ ਮਿਰਚਾਂ ਦੀਆਂ ਡੰਡੀਆਂ ਤੋੜ ਦੇਣ ਨਾਲ ਉਹ ਕਈ ਦਿਨਾਂ ਤੱਕ ਖਰਾਬ ਨਹੀਂ ਹੁੰਦੀਆਂ। ਮਿਰਚ ਵਿਚ ਐਂਟੀ ਔਕਸਡੈਂਟਸ ਨਾਂ ਦੇ ਕੁੱਝ ਅਜਿਹੇ ਤੱਤ ਹੁੰਦੇ ਹਨ ਜੋ ਕਿ ਕੈਂਸਰ ਦੀ ਰੋਕ ਥਾਮ ਕਰਦੇ ਹਨ। ਹਰੀ ਮਿਰਚ ਵਿਚ ਵਿਟਾਮਿਨ ਸੀ ਹੁੰਦਾ ਹੈ। ਇਕ ਤਾਜ਼ੀ ਹਰੀ ਮਿਰਚ ਸੰਤਰੇ ਦੇ ਬਰਾਬਰ ਵਿਟਾਮਨ ਸੀ ਦੇ ਸਕਦੀ ਹੈ। ਹਰੀ ਮਿਰਚ ਨਿਗ੍ਹਾ ਦੇ ਲਈ ਵੀ ਲਾਭਦਾਇਕ ਹੈ। ਹਰੀ ਮਿਰਚ ਨੂੰ ਤਲ ਕੇ ਖਾਣ ਨਾਲ ਇਸਦੇ ਪੌਸ਼ਟਿਕ ਤੱਤ ਬਰਕਰਾਰ ਰਹਿੰਦੇ ਹਨ। ਹਰੀ ਮਿਰਚ ਜੋੜਾਂ ਦੇ ਦਰਦ ਅਤੇ ਵਾਯੂ ਵਿਕਾਰਾਂ ਨੂੰ ਨਸ਼ਟ ਕਰਦੀ ਹੈ।

- ਦਮੇ ਦੇ ਰੋਗੀ ਨੂੰ ਤਾਜ਼ਾ ਹਰੀ ਮਿਰਚ ਦਾ ਇਕ ਚਮਚਾ ਰਸ ਸੁਭਾ ਖਾਲੀ ਪੇਟ ਸ਼ਹਿਦ ਨਾਲ ਮਿਲਾਕੇ ਲਗਾਤਾਰ ਦਸ ਦਿਨਾਂ ਤੱਕ ਦੇਣ ਨਾਲ ਲਾਭ ਹੁੰਦਾ ਹੈ। ਜੇਕਰ ਇਹ ਇਲਾਜ਼ ਮੁਢਲੀ ਅਵਸਥਾ ਵਿਚ ਹੀ ਕੀਤਾ ਜਾਵੇ ਤਾਂ ਇਹ ਰੋਗ ਪੱਕੇ ਤੌਰ ਤੇ ਖਤਮ ਹੋ ਸਕਦਾ ਹੈ। ਬਦਲਦੇ ਮੌਸਮ ਵਿਚ ਇਹ ਇਲਾਜ਼ ਵੱਧ ਉਪਯੋਗੀ ਹੁੰਦਾ ਹੈ। ਹਰੀ ਮਿਰਚ ਪਾਣੀ ਪਾ ਕੇ ਪੀਸਣ ਪਿਛੋਂ ਜਲੇ ਹੋਏ ਥਾਂ ਤੇ ਲੇਪ ਕਰਨ ਨਾਲ ਲਾਭ ਹੁੰਦਾ ਹੈ। ਭੋਜਨ ਵਿਚ ਹਰ ਰੋਜ਼ ਹਰੀ ਮਿਰਚ ਖਾਣ ਨਾਲ ਮੋਟਾਪਾ ਘੱਟਦਾ ਹੈ। ਹਰੀ ਮਿਰਚ ਵਿਚ ਮਿਲਣ ਵਾਲਾ ਕੈਪਸਾਈਸਿਨ ਰਸਾਇਣ ਮਿਹਦੇ ਦੇ ਕੈਂਸਰ ਦੀਆਂ ਕੋਸ਼ਕਾਵਾਂ ਨੂੰ ਘੱਟ ਕਰਨ ਵਿਚ ਬਹੁਤ ਪ੍ਰਭਾਵਸ਼ਾਲੀ ਹੈ।

ਜਿਸ ਦੇ ਕਾਰਨ ਮਿਹਦੇ ਦਾ ਟਿਊਮਰ ਅਕਾਰ ਵਿਚ ਬਹੁਤ ਛੋਟਾ ਹੋ ਜਾਂਦਾ ਹੈ। ਸ਼ੂਗਰ ਦੇ ਰੋਗੀ ਨੂੰ ਦੋ ਹਰੀਆਂ ਮਿਰਚਾਂ ਡੰਡੀ ਸਮੇਤ ਬਿਨਾਂ ਕੱਟੇ ਇਕ ਗਿਲਾਸ ਪਾਣੀ ਵਿਚ ਰਾਤ ਨੂੰ ਭਿਉਂਕੇ ਰਖ ਦਿਉ। ਸਵੇਰੇ ਖਾਲੀ ਪੇਟ ਮਿਰਚਾਂ ਕੱਢ ਕੇ ਪਾਣੀ ਪੀ ਲਉ। ਇਕ ਹਫ਼ਤੇ ਵਿਚ ਸਿਰਫ ਇਕ ਵਾਰ ਹੀ ਅਜਿਹਾ ਕਰੋ। ਇਸ ਤਰ੍ਹਾਂ ਚਾਰ ਹਫ਼ਤੇ ਪਾਣੀ ਪੀਉ। ਸ਼ੂਗਰ ਠੀਕ ਹੋ ਜਾਵੇਗੀ। ਲੋੜ ਹੋਵੇ ਤਾਂ ਇਸ ਇਲਾਜ਼ ਨੂੰ ਦੁਆਰਾ ਦੁਹਰਾਉ। ਸ਼ੂਗਰ ਦੀ ਜਾਂਚ ਕਰਾਉਂਦੇ ਰਹੋ।

# ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਜ਼ੂਮਾ ਦੀ ਧੀ ਅੱਤਵਾਦ ਦੇ ਦੋਸ਼ 'ਚ ਗ੍ਰਿਫ਼ਤਾਰ

ਜੋਹਾਨਸਬਰਗ (ਏਜੰਸੀ)- ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਜੈਕਬ ਜ਼ੂਮਾ ਦੀ ਧੀ ਨੂੰ ਅੱਤਵਾਦ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਜ਼ੂਮਾ ਦੀ ਧੀ ਡੂਡੂਜ਼ਿਲ ਜ਼ੂਮਾ-ਸੰਬੂਦਲਾ ਸੰਸਦ ਮੈਂਬਰ ਵੀ ਹੈ ਅਤੇ ਉਸ 'ਤੇ ਜੁਲਾਈ 2021 ਵਿੱਚ ਹੋਏ ਦੰਗਿਆਂ ਦੌਰਾਨ ਹਿੰਸਾ ਭੜਕਾਉਣ ਦਾ ਦੋਸ਼ ਹੈ। ਜੁਲਾਈ 2021 ਵਿੱਚ ਹੋਏ ਦੰਗਿਆਂ ਵਿੱਚ 350 ਤੋਂ ਵੱਧ ਲੋਕ ਮਾਰੇ ਗਏ ਸਨ। ਪੁਲਸ ਨੇ ਕਿਹਾ ਕਿ ਡੂਡੂਜ਼ਿਲ ਨੇ ਵੀਰਵਾਰ ਨੂੰ ਪੁਲਸ ਅੱਗੇ ਆਤਮ ਸਮਰਪਣ ਕਰ ਦਿੱਤਾ। ਉਹ ਅੱਤਵਾਦ ਅਤੇ ਸੰਬੰਧਿਤ ਗਤੀਵਿਧੀਆਂ ਨਾਲ ਜੁੜੇ ਐਕਟ ਅਤੇ ਹਿੰਸਾ ਭੜਕਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ।



ਪੁਲਸ ਬੁਲਾਰੇ ਬ੍ਰਿਗੇਡੀਅਰ ਥਾਂਡੀ ਮਬਾਂਬੋ ਨੇ ਕਿਹਾ, "ਇਹ ਗ੍ਰਿਫ਼ਤਾਰੀ ਡਰਬਨ ਪੁਲਸ ਕ੍ਰਾਈਮ ਬ੍ਰਾਂਚ ਦੁਆਰਾ ਗੰਭੀਰ ਸੰਗਠਿਤ ਅਪਰਾਧ ਦੀ ਧਿਆਨ ਨਾਲ ਜਾਂਚ ਦਾ ਨਤੀਜਾ ਹੈ, ਜੋ ਕਿ 2021 ਵਿੱਚ ਦੇਸ਼ ਵਿੱਚ ਹੋਈ ਹਿੰਸਾ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ।" ਡੂਡੂਜ਼ਿਲ ਦੀ ਰਾਜਨੀਤਿਕ ਪਾਰਟੀ ਨੇ ਪੁਸ਼ਟੀ ਕੀਤੀ ਹੈ ਕਿ ਉਸ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਡੂਡੂਜ਼ਿਲ ਵਿਰੁੱਧ ਮਾਮਲਾ 'ਐਕਸ' (ਪਹਿਲਾਂ ਟਵਿੱਟਰ) 'ਤੇ ਕੀਤੀ ਗਈ ਇੱਕ ਪੋਸਟ 'ਤੇ ਅਧਾਰਤ ਹੈ।

ਡੂਡੂਜ਼ਾਈਲ ਨੇ ਇਹ ਪੋਸਟ ਆਪਣੇ ਪਿਤਾ ਨੂੰ ਜੇਲ੍ਹ ਭੇਜੇ ਜਾਣ ਤੋਂ ਬਾਅਦ ਕੀਤੀ ਸੀ ਅਤੇ ਕਥਿਤ ਤੌਰ 'ਤੇ ਪ੍ਰਦਰਸ਼ਨਕਾਰੀਆਂ ਨੂੰ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਦੌਰਾਨ ਹੋਰ ਨੁਕਸਾਨ ਪਹੁੰਚਾਉਣ ਲਈ ਕਿਹਾ ਸੀ। ਭ੍ਰਿਸ਼ਟਾਚਾਰ ਦੀ ਜਾਂਚ ਵਿੱਚ ਗਵਾਹੀ ਦੇਣ ਲਈ ਅਦਾਲਤ ਦੇ ਹੁਕਮ ਦੀ ਉਲੰਘਣਾ ਕਰਨ ਲਈ ਸਾਬਕਾ ਰਾਸ਼ਟਰਪਤੀ ਜ਼ੂਮਾ ਨੂੰ ਜੇਲ੍ਹ ਲਿਜਾਇਆ ਗਿਆ ਸੀ, ਜਿਸ ਤੋਂ ਬਾਅਦ ਗੁੱਸੇ ਵਿੱਚ ਆਈ ਭੀੜ ਨੇ ਲੁੱਟਮਾਰ ਕੀਤੀ ਅਤੇ ਦੁਕਾਨਾਂ ਨੂੰ ਅੱਗ ਲਗਾ ਦਿੱਤੀ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਇਸ ਮਾਮਲੇ ਵਿੱਚ 5,000 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

# ਯਮੁਨਾ 'ਚ 'ਜ਼ਹਿਰ' ਦੇ ਦਾਅਵੇ 'ਤੇ ਦਿੱਲੀ-ਹਰਿਆਣਾ ਦੇ ਲੋਕਾਂ ਤੋਂ ਮੁਆਫ਼ੀ ਮੰਗੇ ਕੇਜਰੀਵਾਲ : ਨੱਡਾ



ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਜੇਪੀ ਨੱਡਾ ਨੇ ਵੀਰਵਾਰ ਨੂੰ ਕਿਹਾ ਕਿ ਯਮੁਨਾ ਵਿੱਚ ਪ੍ਰਦੂਸ਼ਣ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਦੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਨੇ ਰਾਸ਼ਟਰੀ ਰਾਜਧਾਨੀ ਦੀ ਸਰਕਾਰ ਦੀ "ਅਯੋਗਤਾ" ਨੂੰ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ 'ਯਮੁਨਾ ਨੂੰ ਜ਼ਹਿਰ ਦੇਣ' ਵਾਲੀ ਆਪਣੀ ਟਿੱਪਣੀ ਲਈ ਹਰਿਆਣਾ ਅਤੇ ਦਿੱਲੀ ਦੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਨੱਡਾ ਨੇ 'X' 'ਤੇ ਇਨਫੋਇੰਡੇਟਾ ਦੁਆਰਾ ਇੱਕ ਇਨਫੋਗ੍ਰਾਫਿਕ ਨੂੰ ਵੀ ਟੈਗ ਕੀਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਯਮੁਨਾ ਦਿੱਲੀ ਵਿੱਚ ਦਾਖਲ ਹੁੰਦੇ ਸਾਰ ਪ੍ਰਦੂਸ਼ਣ ਵਧਦਾ ਹੈ। ਭਾਜਪਾ ਪ੍ਰਧਾਨ ਨੇ ਕਿਹਾ, "ਯਮੁਨਾ ਵਿੱਚ ਪ੍ਰਦੂਸ਼ਣ ਨੂੰ ਲੈ ਕੇ 'ਆਪ'-ਦਾ ਦੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਨੇ ਇਸਦੀ ਅਯੋਗਤਾ ਅਤੇ ਇਸਦੇ ਅਸਫਲ ਸ਼ਾਸਨ ਨੂੰ ਬੇਨਕਾਬ ਕਰ ਦਿੱਤਾ ਹੈ।" ਉਨ੍ਹਾਂ ਕਿਹਾ, "ਜ਼ਿੰਮੇਵਾਰੀ ਲੈਣ ਦੀ ਬਜਾਏ 'ਆਪ-ਦਾ' ਸਰਕਾਰ ਨੇ ਰਾਜਨੀਤਿਕ ਲਾਭ ਲਈ ਲੋਕਾਂ ਵਿੱਚ ਡਰ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੂੰ ਆਪਣੇ ਬਿਆਨ ਲਈ ਹਰਿਆਣਾ ਅਤੇ ਦਿੱਲੀ ਦੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।''

ਨੱਡਾ ਨੇ ਦੋਸ਼ ਲਾਇਆ ਕਿ ਕੇਜਰੀਵਾਲ ਸਰਕਾਰ ਨੇ ਪਿਛਲੇ 10 ਸਾਲਾਂ ਤੋਂ ਵੱਧ ਸਮੇਂ ਵਿੱਚ ਭ੍ਰਿਸ਼ਟਾਚਾਰ, ਝੂਠ ਅਤੇ ਖੋਖਲੇ ਵਾਅਦਿਆਂ ਤੋਂ ਇਲਾਵਾ ਕੁਝ ਨਹੀਂ ਕੀਤਾ।

ਉਨ੍ਹਾਂ ਕਿਹਾ, "ਕੇਂਦਰ ਸਰਕਾਰ ਤੋਂ 8,500 ਕਰੋੜ ਰੁਪਏ ਪ੍ਰਾਪਤ ਕਰਨ ਦੇ ਬਾਵਜੂਦ ਨਦੀ ਦੀ ਸਫਾਈ ਲਈ ਕੋਈ ਸਾਰਥਕ ਕੰਮ ਨਹੀਂ ਕੀਤਾ ਗਿਆ ਹੈ।" ਇਸ ਤੋਂ ਇਲਾਵਾ 'X' 'ਤੇ 'Infiondata' ਹੈਂਡਲ 'ਤੇ ਉਪਲਬਧ ਵੇਰਵਿਆਂ ਦੇ ਅਨੁਸਾਰ ਉਪਭੋਗਤਾ ਮਈ 2023 ਵਿੱਚ ਮਾਈਕ੍ਰੋਬਲੌਗਿੰਗ ਸਾਈਟ ਵਿੱਚ ਸ਼ਾਮਲ ਹੋਇਆ ਸੀ ਅਤੇ ਵੀਰਵਾਰ ਦੁਪਹਿਰ ਤੱਕ ਇਸ ਰਿਪੋਰਟ ਨੂੰ ਲਿਖਣ ਸਮੇਂ ਉਸਦੇ 1,914 ਫਾਲੋਅਰਜ਼ ਸਨ।

# ਜੰਗ ਦਾ ਮੈਦਾਨ ਬਣੀ ਬਠਿੰਡਾ ਦੀ ਕੇਂਦਰੀ ਜੇਲ੍ਹ, ਆਪਸ 'ਚ ਭਿੜੇ ਗੈਂਗਸਟਰ




ਬਠਿੰਡਾ - ਕੇਂਦਰੀ ਜੇਲ੍ਹ ਬਠਿੰਡਾ ਵਿੱਚ ਬੰਦ ਗੈਂਗਸਟਰਾਂ ਦੇ ਦੋ ਧਿਰਾਂ ਵਿਚ ਵੀਰਵਾਰ ਦੁਪਹਿਰ ਬਾਅਦ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਇਕੋ ਹੀ ਬੈਰਕ ਵਿੱਚ ਬੰਦ ਦੋਵੇਂ ਧਿਰਾਂ ਵਿਚ ਝਗੜਾ ਇੰਨਾ ਵਧ ਗਿਆ ਕਿ ਉਨ੍ਹਾਂ ਨੇ ਇਕ-ਦੂਜੇ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ। ਝਗੜੇ ਦੀ ਜਾਣਕਾਰੀ ਮਿਲਣ ਉਪਰੰਤ ਜੇਲ੍ਹ ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਦੋਵੇਂ ਧਿਰਾਂ ਨੂੰ ਵੱਖ ਕੀਤਾ ਅਤੇ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਲਿਜਾਇਆ ਗਿਆ। ਉਥੇ ਇਲਾਜ ਤੋਂ ਬਾਅਦ ਉਨ੍ਹਾਂ ਨੂੰ ਦੋਬਾਰਾ ਜੇਲ੍ਹ ਹਸਪਤਾਲ ਵਿੱਚ ਭੇਜ ਦਿੱਤਾ ਗਿਆ। ਮਾਮਲੇ ਦੀ ਪੁਸ਼ਟੀ ਕਰਦਿਆਂ ਜੇਲ੍ਹ ਸੁਪਰਿੰਟੈਂਡੈਂਟ ਨੇ ਦੱਸਿਆ ਕਿ ਵੀਰਵਾਰ ਨੂੰ ਕੁਝ ਕੈਦੀਆਂ ਵਿਚ ਝਗੜਾ ਹੋਇਆ ਸੀ। ਝਗੜਾ ਕਿਸ ਗੱਲ ਨੂੰ ਲੈ ਕੇ ਹੋਇਆ, ਇਸ ਦੀ ਜਾਂਚ ਜਾਰੀ ਹੈ ਜਦਕਿ ਮਾਮਲੇ ਦੀ ਜਾਣਕਾਰੀ ਸੰਬੰਧਤ ਥਾਣੇ ਦੀ ਪੁਲਸ ਨੂੰ ਭੇਜ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ ਜੇਲ੍ਹ ਵਿੱਚ ਬੰਦ ਨੀਰਜ ਪਾਂਡੇ ਪੁੱਤਰ ਉਦੈ ਪਾਂਡੇ, ਲਖਵੀਰ ਸਿੰਘ ਪੁੱਤਰ ਸਤਨਾਮ ਸਿੰਘ, ਪਰਮਜੀਤ ਸਿੰਘ ਉਰਫ਼ ਪੰਮਾ ਪੁੱਤਰ ਕੁਲਦੀਪ ਸਿੰਘ (ਅਰਸ਼ ਡਾਲਾ, ਗੁਰਜੰਟ ਜਨਤਾ, ਜੈਪਾਲ ਗੈਂਗਸਟਰ ਗਰੁੱਪ ਨਾਲ ਸੰਬੰਧਤ), ਰਣਜੋਧ ਸਿੰਘ ਉਰਫ਼ ਰਣਜੀਤ, ਜੋਧਾ, ਭੋਲਾ ਪੁੱਤਰ ਕੁਲਵੰਤ ਸਿੰਘ, ਰਣਜੀਤ ਸਿੰਘ ਪੁੱਤਰ ਗੁਰਜੰਟ ਸਿੰਘ, ਜਗਸੀਰ ਸਿੰਘ ਪੁੱਤਰ ਭੋਲਾ ਸਿੰਘ ਦਾ ਜੇਲ੍ਹ ਵਿੱਚ ਬੰਦ ਦੂਜੀ ਧਿਰ ਦੇ ਸੁਖਦੀਪ ਸਿੰਘ ਪੁੱਤਰ ਬੀਰਬਲ ਸਿੰਘ, ਪਰਗਟ ਸਿੰਘ ਪੁੱਤਰ ਬਲਜਿੰਦਰ ਸਿੰਘ, ਸੇਵਕ ਸਿੰਘ ਪੁੱਤਰ ਬਾਬੂ ਸਿੰਘ, ਰਾਜਵਿੰਦਰ ਸਿੰਘ ਪੁੱਤਰ ਹਰਜੀਵਨ ਸਿੰਘ, ਗੁਰਜੀਤ ਸਿੰਘ ਪੁੱਤਰ ਸੁਖਮੰਦਰ ਸਿੰਘ, ਆਕਾਸ਼ਦੀਪ ਸਿੰਘ ਪੁੱਤਰ ਬਿੰਦਰ ਸਿੰਘ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਇਸ ਦੌਰਾਨ ਦੋਵੇਂ ਧਿਰਾਂ ਦੇ ਲੋਕਾਂ ਨੇ ਇਕ-ਦੂਜੇ ਉੱਤੇ ਹਮਲਾ ਕਰ ਦਿੱਤਾ, ਜਿਸ ਵਿੱਚ ਸੁਖਦੀਪ ਸਿੰਘ, ਪਰਗਟ ਸਿੰਘ, ਸੇਵਕ ਸਿੰਘ, ਰਾਜਵਿੰਦਰ ਸਿੰਘ, ਗੁਰਜੀਤ ਸਿੰਘ ਅਤੇ ਆਕਾਸ਼ਦੀਪ ਸਿੰਘ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਏ।

ਜੇਲ੍ਹ ਸੁਪਰਿੰਟੈਂਡੈਂਟ ਮੰਜੀਤ ਸਿੰਘ ਨੇ ਦੱਸਿਆ ਕਿ ਜੇਲ੍ਹ ਵਿੱਚ ਦੋ ਧਿਰਾਂ ਵਿਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਹੈ। ਜ਼ਖ਼ਮੀਆਂ ਦਾ ਇਲਾਜ ਕਰਵਾ ਦਿੱਤਾ ਗਿਆ ਹੈ ਅਤੇ ਪੁਲਸ ਨੂੰ ਜਾਣਕਾਰੀ ਭੇਜੀ ਗਈ ਹੈ।

# ਨਾਸਾ ਦੇ ਫਸੇ 2 ਪੁਲਾੜ ਯਾਤਰੀਆਂ ਨੇ ਕੀਤੀ ਆਪਣੀ ਪਹਿਲੀ ਸਪੇਸਵਾਕ



ਕੇਪ ਕੈਨੇਵਰਲ - ਨਾਸਾ ਦੇ ਦੋ ਫਸੇ ਹੋਏ ਪੁਲਾੜ ਯਾਤਰੀਆਂ ਨੇ ਵੀਰਵਾਰ ਨੂੰ ਇਕੱਠੇ ਆਪਣੀ ਪਹਿਲੀ ਸਪੇਸਵਾਕ ਕੀਤੀ। ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਵਿੱਚ ਜਾਣ ਤੋਂ ਲਗਭਗ ਅੱਠ ਮਹੀਨੇ ਬਾਅਦ ਦੋਵੇਂ ਬਾਹਰ ਨਿਕਲੇ। ਭਾਰਤੀ ਮੂਲ ਦੀ ਕਮਾਂਡਰ ਸੁਨੀਤਾ ਵਿਲੀਅਮਸ ਅਤੇ ਬੁੱਚ ਵਿਲਮੋਰ ਰੱਖ-ਰਖਾਅ ਦਾ ਕੰਮ ਕਰਨ ਅਤੇ ਸਟੇਸ਼ਨ ਦੇ ਬਾਹਰੀ ਹਿੱਸੇ ਨੂੰ ਪੂੰਝਣ ਲਈ ਤੈਰਦੇ ਹੋਏ ਬਾਹਰ ਨਿਕਲੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਧਰਤੀ ਤੋਂ ਲਾਂਚ ਹੋਣ ਅਤੇ ਵੈਂਟਾਂ ਰਾਹੀਂ ਬਾਹਰ ਨਿਕਲਣ ਦੇ ਬਾਅਦ ਵੀ ਕੋਈ ਸੂਖਮਜੀਵ ਜਿਉਂਦਾ ਹੋ ਸਕਦਾ ਹੈ ਜਾਂ ਨਹੀਂ।

ਵਿਲਮੋਰ ਨੇ ਸਪੇਨ ਤੋਂ 420 ਕਿਲੋਮੀਟਰ ਉੱਪਰ ਨਿਕਲਦੇ ਹੋਏ ਕਿਹਾ,"ਅਸੀਂ ਜਾ ਰਹੇ ਹਾਂ।" ਜ਼ਿਕਰਯੋਗ ਹੈ ਕਿ ਜਦੋਂ ਉਹ ਪਿਛਲੇ ਜੂਨ ਵਿੱਚ ਸਪੇਸ ਸਟੇਸ਼ਨ 'ਤੇ ਪਹੁੰਚੇ ਤਾਂ ਇਸ ਜੋੜੇ ਨੂੰ ਸਿਰਫ਼ ਇੱਕ ਹਫ਼ਤਾ ਰੁਕਣ ਦੀ ਉਮੀਦ ਸੀ।

ਪਰ ਬੋਇੰਗ ਦੇ ਸਟਾਰਲਾਈਨਰ ਕੈਪਸੂਲ ਵਿਚ ਤਕਨੀਕੀ ਖਰਾਬੀ ਆਉਣ ਕਾਰਨ ਨਾਸਾ ਨੇ ਇਸ ਨੂੰ ਖਾਲੀ ਵਾਪਸ ਕਰਨ ਦਾ ਫੈਸਲਾ ਕੀਤਾ। ਇਸਨੇ ਦੋ ਟੈਸਟ ਪਾਇਲਟਾਂ, ਦੋਵੇਂ ਸੇਵਾਮੁਕਤ ਨੇਵੀ ਕਪਤਾਨਾਂ ਨੂੰ ਔਰਬਿਟ ਵਿੱਚ ਛੱਡ ਦਿੱਤਾ ਜਦੋਂ ਤੱਕ ਸਪੇਸਐਕਸ ਉਨ੍ਹਾਂ ਨੂੰ ਘਰ ਨਹੀਂ ਲਿਆ ਪਾਉਂਦਾ। ਫਿਲਹਾਲ ਦੋਵਾਂ ਨੂੰ ਜਲਦੀ ਤੋਂ ਜਲਦੀ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਲੀਅਮਸ ਨੇ ਦੋ ਹਫ਼ਤੇ ਪਹਿਲਾਂ ਇੱਕ ਹੋਰ ਨਾਸਾ ਪੁਲਾੜ ਯਾਤਰੀ ਨਾਲ ਸਪੇਸਵਾਕ ਕੀਤਾ ਸੀ। ਇਹ ਵਿਲਮੋਰ ਦੀ ਇਸ ਯਾਤਰਾ ਤੋਂ ਬਾਹਰ ਪਹਿਲੀ ਵਾਰ ਸਪੇਸਵਾਕ ਸੀ।

# WHITE ROSE BUILDERS

*We do not build houses, We create homes...*

## Proudly Celebrating

# 20 Years in Business



# DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED